## County of Fresno

RETURN TO TABLE OF CONTENTS

# ਫ੍ਰੈਜ਼ਨੋ ਕਾਉਂਟੀ
# ਗੋਪਨੀਯਤਾ ਪ੍ਰਥਾਵਾਂ ਬਾਰੇ ਨੋਟਿਸ

ਪਰਭਾਵੀ ਹੋਣ ਦੀ ਤਾਰੀਖ਼: 16 ਅਗਸਤ, 2004
ਸੋਧੇ ਜਾਣ ਦੀ ਤਾਰੀਖ਼: 10 ਅਗਸਤ, 2023

**ਇਹ ਨੋਟਿਸ ਵੇਰਵਾ ਦਿੰਦਾ ਹੈ ਕਿ ਤੁਹਾਡੀ ਮੈਡੀਕਲ ਜਾਣਕਾਰੀ ਤੱਕ ਕਿਵੇਂ ਪਹੁੰਚਿਆ ਜਾ ਸਕਦਾ ਹੈ, ਦੀ ਵਰਤੋਂ ਕੀਤੀ ਜਾ ਸਕਦੀ ਹੈ, ਅਤੇ ਉਸਦਾ ਖੁਲਾਸਾ ਕੀਤਾ ਜਾ ਸਕਦਾ ਹੈ ਅਤੇ ਤੁਸੀਂ ਇਸ ਜਾਣਕਾਰੀ ਤੱਕ ਕਿਵੇਂ ਪਹੁੰਚ ਸਕਦੇ ਹੋ।**
**ਕਿਰਪਾ ਕਰਕੇ ਇਸਦੀ ਧਿਆਨ ਨਾਲ ਸਮੀਖਿਆ ਕਰੋ।**

ਜੇ ਇਸ ਨੋਟਿਸ ਦੇ ਸਬੰਧ ਵਿੱਚ ਤੁਹਾਡੇ ਕੋਈ ਸਵਾਲ ਜਾਂ ਟਿੱਪਣੀਆਂ ਹਨ, ਤਾਂ ਕਿਰਪਾ ਕਰਕੇ ਇੱਥੇ ਸੰਪਰਕ ਕਰੋ:

Fresno County Privacy Officer
1221 Fulton Street, 6th Floor
Fresno, CA 93721
(559) 600-3200

### *ਇਸ ਨੋਟਿਸ ਦੀ ਪਾਲਣਾ ਕੌਣ ਕਰੇਗਾ*

ਫ੍ਰੈਜ਼ਨੋ ਕਾਉਂਟੀ ਆਪਣੀ ਕਾਉਂਟੀ ਦੇ ਗਾਹਕਾਂ ਨੂੰ ਕਈ ਤਰ੍ਹਾਂ ਦੀ ਸਿਹਤ-ਸਬੰਧੀ ਸੇਵਾਵਾਂ ਪ੍ਰਦਾਨ ਕਰਦੀ ਹੈ। ਕਾਉਂਟੀ ਉਪਚਾਰ ਸੇਵਾਵਾਂ ਲਈ ਮੈਡੀਕਲ, ਪਦਾਰਥਾਂ ਦੀ ਦੁਰਵਰਤੋਂ, ਅਤੇ ਮਾਨਸਿਕ ਸਿਹਤ ਪ੍ਰਦਾਤਾਵਾਂ ਨੂੰ ਕੰਮ ਤੇ ਰੱਖਦੀ ਹੈ ਜਾਂ ਉਨ੍ਹਾਂ ਨਾਲ ਅਨੁਬੰਧ ਕਰਦੀ ਹੈ। ਕਾਉਂਟੀ ਵੱਖ-ਵੱਖ ਤਰ੍ਹਾਂ ਦੇ ਸਿਹਤ ਬੀਮਾ ਪਲਾਨ, ਜਿਵੇਂ ਕਿ ਮੈਡੀ-ਕੈਲ ਮੈਨੇਜ਼ਡ ਕੇਅਰ (Medi-Cal Managed Care), ਦਾ ਪ੍ਰਬੰਧਨ ਕਰਦੀ ਹੈ, ਜੋ ਕਾਉਂਟੀ ਦੇ ਕਲਾਇੰਟਾਂ/ਉਪਭੋਗਤਾਵਾਂ ਨੂੰ ਉਪਚਾਰ ਸੇਵਾਵਾਂ ਤੱਕ ਪਹੁੰਚ ਹਾਸਲ ਕਰਨ ਦਿੰਦੇ ਹਨ।

ਇਹ ਨੋਟਿਸ ਵੇਰਵਾ ਦਿੰਦਾ ਹੈ ਕਿ ਕਿਵੇਂ ਕਾਉਂਟੀ, ਆਪਣੇ ਨੋਕਰੀਸ਼ੁਦਾ ਅਤੇ ਅਨੁਬੰਧਿਤ ਸਿਹਤ ਦੇਖਭਾਲ ਪੇਸ਼ੇਵਰਾਂ ਅਤੇ ਸਿਹਤ ਬੀਮਾ ਪਲਾਨਾਂ ਦੇ ਜਰੀਏ, ਸੁਰੱਖਿਅਤ ਸਿਹਤ ਜਾਣਕਾਰੀ (PHI) ਦੀ ਵਰਤੋਂ ਕਰਦੀ ਹੈ ਜੋ ਕਾਉਂਟੀ ਤੁਹਾਡੇ ਬਾਰੇ ਪ੍ਰਾਪਤ ਕਰਦੀ ਹੈ। ਤੁਹਾਡੀ PHI ਕੋਈ ਵੀ ਅਜਿਹੀ ਜਾਣਕਾਰੀ ਹੈ ਜਿਸ ਨਾਲ ਤੁਹਾਡੀ ਪਛਾਣ ਹੁੰਦੀ ਹੈ (ਜਿਵੇਂ ਕਿ ਤੁਹਾਡਾ ਨਾਮ ਜਾਂ ਪਤਾ ਜਾਂ ਸੋਸ਼ਲ ਸਿਕਯੂਰਿਟੀ ਨੰਬਰ) ਜੋ ਤੁਹਾਡੇ ਅਤੀਤ, ਮੌਜੂਦਾ ਸਮੇਂ ਜਾਂ ਭਵਿੱਖ ਵਿੱਚ ਸਰੀਰਕ ਜਾਂ ਮਾਨਸਿਕ ਸਿਹਤ ਜਾਂ ਸਥਿਤੀ ਨਾਲ, ਤੁਹਾਡੇ ਦੁਆਰਾ ਪ੍ਰਾਪਤ ਕੀਤੀ ਜਾਣ ਵਾਲੀ ਕਿਸੇ ਸਿਹਤ ਦੇਖਭਾਲ, ਜਾਂ ਤੁਹਾਡੀ ਸਿਹਤ ਦੇਖਭਾਲ ਲਈ ਅਤੀਤ, ਮੌਜੂਦਾ ਸਮੇਂ ਜਾਂ ਭਵਿੱਖ ਵਿੱਚ ਕੀਤੇ ਗਏ ਭੁਗਤਾਨ ਨਾਲ ਸਬੰਧ ਰੱਖਦੀ ਹੈ।

### *ਸੁਰੱਖਿਅਤ ਸਿਹਤ ਜਾਣਕਾਰੀ ਦੇ ਸਬੰਧ ਵਿੱਚ ਸਾਡੀ ਸਹੁੰ (ਸ਼ਪਥ)*

ਅਸੀਂ ਸਮਝਦੇ ਹਾਂ ਕਿ ਤੁਹਾਡੇ ਬਾਰੇ ਸੁਰੱਖਿਅਤ ਸਿਹਤ ਜਾਣਕਾਰੀ (PHI) ਨਿੱਜੀ ਹੁੰਦੀ ਹੈ। ਤੁਹਾਡੇ ਬਾਰੇ ਸੁਰੱਖਿਅਤ ਸਿਹਤ ਜਾਣਕਾਰੀ ਨੂੰ ਸੁਰੱਖਿਅਤ ਰੱਖਣਾ ਸਾਡਾ ਕਾਨੂੰਨੀ ਫ਼ਰਜ਼ ਹੈ ਅਤੇ ਇਸ ਪ੍ਰਤੀ ਵਚਨਬੱਧ ਹਾਂ। ਅਸੀਂ ਕਾਉਂਟੀ ਵਿੱਖੇ ਤੁਹਾਡੇ ਦੁਆਰਾ ਪ੍ਰਾਪਤ ਕੀਤੀ ਦੇਖਭਾਲ ਅਤੇ ਸੇਵਾਵਾਂ ਦਾ ਰਿਕਾਰਡ ਰੱਖਦੇ ਹਾਂ। ਸਾਨੂੰ ਤੁਹਾਨੂੰ ਗੁਣਵੱਤਾ ਵਾਲੀ ਦੇਖਭਾਲ ਪ੍ਰਦਾਨ ਕਰਨ ਅਤੇ ਕੁਝ ਕਾਨੂੰਨੀ ਜ਼ਰੂਰਤਾਂ ਦੀ ਅਨੁਪਾਲਣਾ ਕਰਨ ਲਈ ਇਸ ਰਿਕਾਰਡ ਦੀ ਲੋੜ ਪੈਂਦੀ ਹੈ। ਇਹ ਨੋਟਿਸ ਤੁਹਾਡੀ ਦੇਖਭਾਲ ਦੇ ਸਾਰੇ ਰਿਕਾਰਡਾਂ 'ਤੇ ਲਾਗੂ ਹੁੰਦਾ ਹੈ। ਇਹ ਨੋਟਿਸ ਤੁਹਾਨੂੰ ਉਸ ਤਰੀਕੇ ਬਾਰੇ ਦੱਸੇਗਾ ਜਿਸ ਵਿੱਚ ਅਸੀਂ ਤੁਹਾਡੇ ਬਾਰੇ PHI ਤੱਕ ਪਹੁੰਚ ਸਕਦੇ ਹਾਂ, ਇਸਤੇਮਾਲ ਕਰ ਸਕਦੇ ਹਾਂ ਅਤੇ ਖੁਲਾਸਾ ਕਰ ਸਕਦੇ ਹਾਂ। ਅਸੀਂ ਤੁਹਾਡੀ PHI ਤਕ ਪਹੁੰਚ, ਇਸਤੇਮਾਲ ਕਰਨ ਅਤੇ ਖੁਲਾਸਾ ਕਰਨ ਦੇ ਸਬੰਧ ਵਿੱਚ ਤੁਹਾਡੇ ਅਧਿਕਾਰਾਂ ਅਤੇ ਕੁਝ ਜ਼ਿੰਮੇਵਾਰੀਆਂ ਦਾ ਵੀ

ਵੇਰਵਾ ਦਿੰਦੇ ਹਾਂ।

ਅਸੀਂ ਕਾਨੂੰਨੀ ਤੌਰ 'ਤੇ ਜ਼ਿੰਮੇਵਾਰ ਹਾਂ ਕਿ:

- ਉਹ PHI ਜਿਸ ਨਾਲ ਤੁਹਾਡੀ ਪਛਾਣ ਕੀਤੀ ਜਾ ਸਕਦੀ ਹੈ ਉਸਨੂੰ ਪ੍ਰਾਈਵੇਟ ਰੱਖਿਆ ਜਾਏ (ਕੁਝ ਅਪਵਾਦਾਂ ਦੇ ਨਾਲ ਜਿੰਨਾਂ ਦਾ ਵੇਰਵਾ ਦਿੱਤਾ ਜਾਏਗਾ);
- ਤੁਹਾਡੇ ਬਾਰੇ PHI ਦੇ ਸੰਬੰਧ ਵਿੱਚ ਸਾਡੀਆਂ ਕਨੂੰਨੀ ਜ਼ਿੰਮੇਵਾਰੀਆਂ ਅਤੇ ਗੋਪਨੀਯਤਾ ਅਭਿਆਸਾਂ ਬਾਰੇ ਤੁਹਾਨੂੰ ਇਹ ਨੋਟਿਸ ਦਿੱਤਾ ਜਾਏ; ਅਤੇ
- ਨੋਟਿਸ ਦੀਆਂ ਉਨ੍ਹਾਂ ਸ਼ਰਤਾਂ ਦੀ ਪਾਲਣਾ ਕੀਤੀ ਜਾਏ ਜੋ ਇਸ ਵੇਲੇ ਪਰਭਾਵਸ਼ਾਲੀ ਹਨ।

***ਅਸੀਂ ਕਿਸ ਤਰ੍ਹਾਂ ਤੁਹਾਡੇ ਬਾਰੇ PHI ਤੱਕ ਪਹੁੰਚ ਸਕਦੇ ਹਾਂ, ਇਸਤੇਮਾਲ ਕਰ ਸਕਦੇ ਹਾਂ ਅਤੇ ਖੁਲਾਸਾ ਕਰ ਸਕਦੇ ਹਾਂ***

ਇਸ ਨੋਟਿਸ ਵਿਚ ਦਿੱਤੇ ਗਏ ਦੇ ਸਿਵਾਏ, ਫ੍ਰੈਜ਼ਨੋ ਕਾਉਂਟੀ ਸਿਰਫ਼ ਤੁਹਾਡੀ ਲਿਖਤ ਇਜ਼ਾਜ਼ਤ (ਅਧਿਕਾਰ) ਦੇ ਨਾਲ ਹੀ PHI ਤੱਕ ਪਹੁੰਚ, ਵਰਤੋਂ ਅਤੇ / ਜਾਂ ਖੁਲਾਸਾ ਕਰੇਗੀ। ਹਾਲਾਂਕਿ, ਅਜਿਹੀਆਂ ਸਥਿਤੀਆਂ ਹੋ ਸਕਦੀਆਂ ਹਨ ਜਿੰਨਾਂ ਵਿੱਚ ਸਾਨੂੰ ਤੁਹਾਡੀ ਇਜਾਜ਼ਤ ਦੇ ਬਿਨਾਂ ਵੀ ਤੁਹਾਡੀ PHI ਤੱਕ ਪਹੁੰਚ, ਵਰਤੋਂ ਅਤੇ / ਜਾਂ ਖੁਲਾਸਾ ਕਰਨਾ ਪਵੇ ਜਾਂ ਕਰਨ ਦੀ ਇਜਾਜ਼ਤ ਹੋਵੇ। ਹੇਠਾਂ ਦਿੱਤੀਆਂ ਸ਼੍ਰੇਣੀਆਂ ਉਨ੍ਹਾਂ ਵੱਖ-ਵੱਖ ਤਰੀਕਿਆਂ ਦਾ ਵੇਰਵਾ ਦਿੰਦੀਆਂ ਹਨ ਜਿੰਨਾਂ ਨਾਲ ਫ੍ਰੈਜ਼ਨੋ ਕਾਉਂਟੀ ਤੁਹਾਡੀ PHI ਤੱਕ ਪਹੁੰਚ, ਵਰਤੋਂ ਅਤੇ / ਜਾਂ ਖੁਲਾਸਾ ਕਰਦੀ ਹੈ। ਜ਼ਰੂਰੀ ਨਹੀਂ ਕਿ ਹਰ ਪਹੁੰਚ, ਇਸਤੇਮਾਲ, ਜਾਂ ਖੁਲਾਸੇ ਨੂੰ ਕਿਸੇ ਸ਼੍ਰੇਣੀ ਵਿੱਚ ਸੂਚੀਬੱਧ ਕੀਤਾ ਗਿਆ ਹੋਵੇ; ਜਾਣਕਾਰੀ ਤੱਕ ਪਹੁੰਚ, ਵਰਤੋਂ ਅਤੇ ਖੁਲਾਸੇ ਦੇ ਸਾਰੇ ਤਰੀਕਿਆਂ, ਜਿੰਨਾਂ ਦੀ ਸਾਨੂੰ ਇਜਾਜ਼ਤ ਹੈ, ਇਨ੍ਹਾਂ ਚੋਂ ਕਿਸੇ ਇੱਕ ਸ਼੍ਰੇਣੀ ਵਿੱਚ ਆਏਗਾ। ਜਦੋਂ ਫ੍ਰੈਜ਼ਨੋ ਕਾਉਂਟੀ ਤੁਹਾਡੀ ਜਾਣਕਾਰੀ ਦਾ ਖੁਲਾਸਾ ਕਰਦੀ ਹੈ, ਤਾਂ ਅਸੀਂ ਜਿਸ ਉਦੇਸ਼ ਲਈ ਬੇਨਤੀ ਕੀਤੀ ਗਈ ਹੈ, ਉਸ ਨੂੰ ਪੂਰਾ ਕਰਨ ਲਈ ਸਿਰਫ ਨਿਊਨਤਮ ਜ਼ਰੂਰੀ ਜਾਣਕਾਰੀ ਰਿਲੀਜ ਕਰਾਂਗੇ।

***ਉਪਚਾਰ ਲਈ***

ਅਸੀਂ ਤੁਹਾਨੂੰ ਮੈਡੀਕਲ ਉਪਚਾਰ ਜਾਂ ਸੇਵਾਵਾਂ ਪ੍ਰਦਾਨ ਕਰਨ ਲਈ ਤੁਹਾਡੀ PHI ਤੱਕ ਪਹੁੰਚ ਅਤੇ ਉਸਦੀ ਵਰਤੋਂ ਕਰ ਸਕਦੇ ਹਾਂ। ਅਸੀਂ ਤੁਹਾਡੀ PHI ਦਾ ਖੁਲਾਸਾ ਉਨ੍ਹਾਂ ਡਾਕਟਰਾਂ, ਨਰਸਾਂ, ਮੈਡੀਕਲ ਵਿਦਿਆਰਥੀਆਂ, ਇੰਟਰਨ, ਜਾਂ ਕਾਉਂਟੀ ਦੇ ਹੋਰ ਕਰਮਚਾਰੀਆਂ ਨੂੰ ਕੀਤਾ ਜਾ ਸਕਦਾ ਹੈ ਜੋ ਤੁਹਾਡੀ ਦੇਖਭਾਲ ਕਰਨ ਵਿੱਚ ਸ਼ਾਮਲ ਹੁੰਦੇ ਹਨ। ਤੁਹਾਡੀ ਉਪਚਾਰ ਟੀਮ ਤੁਹਾਡੀ PHI ਨੂੰ ਤੁਹਾਡੀ ਲੋੜੀਂਦੀਆਂ ਵੱਖ-ਵੱਖ ਚੀਜ਼ਾਂ ਦਾ ਤਾਲਮੇਲ ਕਰਨ ਲਈ ਵੀ ਸਾਂਝੀ ਕਰ ਸਕਦੀ ਹੈ ਜਿਵੇਂ ਕਿ, ਪ੍ਰਿਸਕ੍ਰਿਪਸ਼ਨ, ਨੇਮੀ ਬੱਲਡ ਪ੍ਰੈਸ਼ਰ ਦੀ ਜਾਂਚ, ਲੈਬ ਵਰੱਕ, ਜਾਂ ਇੱਕ EKG. ਅਸੀਂ ਤੁਹਾਡੀ PHI ਦਾ ਖੁਲਾਸਾ ਕਾਉਂਟੀ ਤੋਂ ਬਾਹਰਲੇ ਲੋਕਾਂ ਨੂੰ ਵੀ ਕਰ ਸਕਦੇ ਹਾਂ ਜੋ ਤੁਹਾਡੀ ਮੈਡੀਕਲ ਦੇਖਭਾਲ ਵਿੱਚ ਸ਼ਾਮਲ ਹੋ ਸਕਦੇ ਹਨ, ਜਿਵੇਂ ਕਿ ਕੁਸ਼ਲ ਨਰਸਿੰਗ ਫੈਸਿਲਟੀਜ਼ ਜਾਂ ਘਰ ਵਿੱਚ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਏਜੰਸੀਆਂ।

***ਭੁਗਤਾਨ ਅਤੇ ਅਧਿਕਾਰਤ ਕਰਨ ਲਈ***

ਅਸੀਂ ਸੇਵਾਵਾਂ ਪ੍ਰਾਪਤ ਕਰਨ ਜਾਂ ਅਧਿਕਾਰਤ ਕਰਨ ਲਈ ਵੀ ਤੁਹਾਡੀ PHI ਤੱਕ ਪਹੁੰਚ, ਵਰਤੋਂ ਅਤੇ ਖੁਲਾਸਾ ਕਰਦੇ ਹਾਂ। ਤੁਹਾਨੂੰ ਪ੍ਰਦਾਨ ਕੀਤੀਆਂ ਗਈਆਂ ਸੇਵਾਵਾਂ ਲਈ ਭੁਗਤਾਨ ਪ੍ਰਾਪਤ ਕਰਨ ਲਈ ਜਾਂ ਭੁਗਤਾਨ ਕਰਨ ਲਈ ਵੀ ਤੁਹਾਡੀ PHI ਤੱਕ ਪਹੁੰਚ, ਵਰਤੋਂ ਅਤੇ ਖੁਲਾਸਾ ਕੀਤਾ ਜਾਏਗਾ। ਉਦਾਹਰਨ ਵਜੋਂ, ਬੀਮਾ ਕੰਪਨੀਆਂ ਨੂੰ ਉਪਚਾਰ ਨੂੰ ਅਧਿਕਾਰਤ ਕਰਨ ਅਤੇ ਸੇਵਾਵਾਂ ਲਈ ਭੁਗਤਾਨ ਕਰਨ ਲਈ ਵੀ PHI ਦੀ ਲੋੜ ਪੈਂਦੀ ਹੈ। ਅਸੀਂ ਇਨ੍ਹਾਂ ਉਦੇਸ਼ਾਂ ਨੂੰ ਪੂਰਾ ਕਰਨ ਲਈ ਸਿਰਫ਼ ਨਿਊਨਤਮ ਜ਼ਰੂਰੀ ਜਾਣਕਾਰੀ ਦਾ ਖੁਲਾਸਾ ਕਰਾਂਗੇ।

***ਸਿਹਤ ਦੇਖਭਾਲ ਸਬੰਧੀ ਕਾਰਵਾਈਆਂ ਲਈ***

ਅਸੀਂ ਸਿਹਤ ਦੇਖਭਾਲ ਸਬੰਧੀ ਵਪਾਰਕ ਕਾਰਵਾਈਆਂ ਲਈ ਤੁਹਾਡੀ PHI ਤੱਕ ਪਹੁੰਚ, ਵਰਤੋਂ ਅਤੇ ਖੁਲਾਸਾ ਕਰ ਸਕਦੇ ਹਾਂ। ਇਹ ਵਰਤੋਂ ਅਤੇ ਖੁਲਾਸੇ ਕਾਉਂਟੀ ਨੂੰ ਚਲਾਉਣ ਲਈ ਅਤੇ ਇਹ ਸੁਨਿਸ਼ਚਿਤ ਕਰਨ ਲਈ ਜ਼ਰੂਰੀ ਹਨ ਕਿ ਸਾਡੇ ਸਾਰੇ ਗ੍ਰਾਹਕਾਂ/ਖਪਤਕਾਰਾਂ ਨੂੰ

ਗੁਣਵੱਤਾ ਵਾਲੀ ਦੇਖਭਾਲ ਮਿਲੇ। ਉਦਾਹਰਨ ਵਜੋਂ, ਅਸੀਂ ਸਾਡੇ ਇਲਾਜ ਅਤੇ ਸੇਵਾਵਾਂ ਦੀ ਸਮੀਖਿਆ ਕਰਨ ਅਤੇ ਤੁਹਾਡੀ ਦੇਖਭਾਲ ਕਰਨ ਵਿੱਚ ਸਾਡੇ ਸਟਾਫ ਦੇ ਕੰਮਕਾਜ ਦੇ ਪ੍ਰਦਰਸ਼ਨ ਦਾ ਮੁਲਾਂਕਣ ਕਰਨ ਲਈ ਤੁਹਾਡੀ PHI ਤੱਕ ਪਹੁੰਚ ਅਤੇ ਉਸਦੀ ਵਰਤੋਂ ਕਰ ਸਕਦੇ ਹਾਂ। ਅਸੀਂ ਸਮੀਖਿਆ ਕਰਨ ਅਤੇ ਸਿੱਖਣ ਦੇ ਉਦੇਸ਼ਾਂ ਲਈ ਤੁਹਾਡੀ PHI ਦਾ ਖੁਲਾਸਾ ਉਨ੍ਹਾਂ ਡਾਕਟਰਾਂ, ਨਰਸਾਂ, ਮੈਡੀਕਲ ਵਿਦਿਆਰਥੀਆਂ, ਇੰਟਰਨ, ਜਾਂ ਕਾਉਂਟੀ ਦੇ ਹੋਰ ਕਰਮਚਾਰੀਆਂ ਨੂੰ ਕਰ ਸਕਦੇ ਹਾਂ।

***<u>ਸਾਂਝਾ ਕੀਤੇ ਮੈਡੀਕਲ ਰਿਕਾਰਡ/ਸਿਹਤ ਜਾਣਕਾਰੀ ਦਾ ਆਦਾਨ-ਪ੍ਰਦਾਨ</u>***

ਅਸੀਂ ਸਾਂਝੇ ਇਲੈਕਟ੍ਰਾਨਿਕ ਮੈਡੀਕਲ ਰਿਕਾਰਡਾਂ ਵਿੱਚ ਸਾਡੇ ਮਰੀਜ਼ਾਂ ਬਾਰੇ PHI ਨੂੰ ਬਣਾਈ ਰੱਖ ਸਕਦੇ ਹਾਂ ਜੋ ਕਾਉਂਟੀ ਦੇ ਸਹਿਯੋਗੀ PHI ਨੂੰ ਸਾਂਝਾ ਕਰਨ ਦੀ ਇਜਾਜ਼ਤ ਦਿੰਦੇ ਹਨ। ਅਸੀਂ ਵੱਖ-ਵੱਖ ਇਲੈਕਟ੍ਰਾਨਿਕ ਸਿਹਤ ਜਾਣਕਾਰੀ ਐਕਸਚੇਂਜਾਂ ਵਿੱਚ ਵੀ ਹਿੱਸਾ ਲੈ ਸਕਦੇ ਹਾਂ ਜਿਹੜੇ ਤੁਹਾਨੂੰ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਦੂਜੇ ਸਿਹਤ ਦੇਖਭਾਲ ਪ੍ਰਦਾਤਾਵਾਂ ਦੁਆਰਾ PHI ਤੱਕ ਪਹੁੰਚ ਨੂੰ ਸੌਖਾ ਬਣਾਉਂਦੇ ਹਨ। ਉਦਾਹਰਨ ਵਜੋਂ, ਜੇ ਤੁਸੀਂ ਕਿਸੇ ਅਜਿਹੇ ਹਸਪਤਾਲ ਵਿੱਚ ਐਮਰਜੈਂਸੀ ਕਾਰਨ ਦਾਖਲ ਹੁੰਦੇ ਹੋ ਜੋ ਸਿਹਤ ਜਾਣਕਾਰੀ ਐਕਸਚੇਂਜਾਂ ਵਿੱਚ ਹਿੱਸਾ ਲੈਂਦਾ ਹੈ, ਤਾਂ ਉਹ ਐਕਸਚੇਂਜ ਸਾਨੂੰ ਤੁਹਾਡੀ PHI ਨੂੰ ਇਲੈਕਟ੍ਰਾਨਿਕ ਤੌਰ ਤੇ ਉਨ੍ਹਾਂ ਨੂੰ ਉਪਲਬੱਧ ਕਰਵਾਉਣ ਦੀ ਇਜਾਜ਼ਤ ਦਿੰਦਾ ਹੈ ਜਿੰਨਾਂ ਨੂੰ ਤੁਹਾਡਾ ਇਲਾਜ ਕਰਨ ਲਈ ਇਸਦੀ ਲੋੜ ਹੈ।

ਕਾਉਂਟੀ ਔਫ਼ ਫ੍ਰੈਜ਼ਨੋ Manifest MedEx (ਮੈਨੀਫੈਸਟ ਮੈਡਐਕਸ) (MX) ਦੀ ਇੱਕ ਭਾਗੀਦਾਰ ਹੈ, ਇੱਕ ਅਜਿਹਾ ਸਿਹਤ ਜਾਣਕਾਰੀ ਐਕਸਚੇਂਜ ਜੋ ਬਿਹਤਰ ਤੌਰ ਤੇ ਸੂਚਿਤ, ਅਤੇ ਸੁਰੱਖਿਅਤ ਸਿਹਤ ਸੰਭਾਲ ਜਾਣਕਾਰੀ ਨੂੰ ਸੰਭਵ ਬਣਾਉਣ ਲਈ ਸਿਹਤ ਸੰਭਾਲ ਪ੍ਰਦਾਤਾਵਾਂ ਵਿਚਾਲੇ ਸਿਹਤ ਸੰਬੰਧੀ ਜਾਣਕਾਰੀ ਦੇ ਇਲੈਕਟ੍ਰਾਨਿਕ ਸਾਂਝਾਕਰਨ ਨੂੰ ਆਸਾਨ ਬਣਾਉਂਦਾ ਹੈ। ਤੁਸੀਂ MX ਤੋਂ ਬਾਹਰ ਰਹਿਣ ਦੀ ਚੋਣ (ਔਪਟ-ਆਉਟ) ਕਰਕੇ ਆਪਣੀ ਸਿਹਤ ਜਾਣਕਾਰੀ ਨੂੰ ਸਾਂਝਾ ਨਾ ਕੀਤੇ ਜਾਣ ਦੀ ਚੋਣ ਕਰ ਸਕਦੇ ਹੋ। ਹਾਲਾਂਕਿ, ਅਜਿਹਾ ਕਰਨ ਨਾਲ MX ਤੁਹਾਡੀ ਸਿਹਤ ਜਾਣਕਾਰੀ ਨੂੰ **ਕਿਸੇ** ਸਿਹਤ ਸੰਭਾਲ ਪ੍ਰਦਾਤਾ ਨੂੰ ਉਪਲਬਧ ਨਹੀਂ ਕਰਵਾਏਗਾ, ਭਾਵੇਂ ਕੋਈ ਐਮਰਜੈਂਸੀ ਹੀ ਕਿਉਂ ਨਾ ਹੋਵੇ। ਜੇ ਤੁਸੀਂ MX ਤੋਂ ਬਾਹਰ ਰਹਿਣ ਦੀ ਚੋਣ ਕਰਦੇ ਹੋ, ਤਾਂ ਕਿਰਪਾ ਕਰਕੇ, ਔਨਲਾਈਨ https://www.manifestmedex.org/opt-out 'ਤੇ ਜਾਕੇ ਉੱਥੇ ਦਿੱਤੇ ਔਪਟ-ਆਉਟ ਫਾਰਮ ਨੂੰ ਭਰੋ ਅਤੇ ਸਬਮਿਟ ਕਰੋ ਜਾਂ 1 (800) 490-7617 'ਤੇ ਕਾੱਲ ਕਰੋ।

ਕਾਉਂਟੀ ਔਫ਼ ਫ੍ਰੈਜ਼ਨੋ, ਵਤੀਰੇ ਸੰਬੰਧੀ ਸਿਹਤ ਦਾ ਵਿਭਾਗ, ਵਤੀਰੇ ਸੰਬੰਧੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ, ਤੁਹਾਡੀ ਦੇਖਭਾਲ ਦਾ ਤਾਲਮੇਲ ਕਰਨ ਲਈ ਵੱਖ-ਵੱਖ ਇਲੈਕਟ੍ਰਾਨਿਕ ਸਿਹਤ ਜਾਣਕਾਰੀ ਐਕਸਚੇਂਜਾਂ ਦੇ ਜਰੀਏ ਤੁਹਾਡੀ ਮੈਡੀਕਲ ਜਾਣਕਾਰੀ ਨੂੰ ਸਾਂਝਾ ਕਰੇਗਾ। ਜੇ ਤੁਸੀਂ ਇਸ ਵਤੀਰੇ ਸੰਬੰਧੀ ਸਿਹਤ ਜਾਣਕਾਰੀ ਐਕਸਚੇਂਜ ਤੋਂ ਬਾਹਰ ਰਹਿਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਫ੍ਰੈਜ਼ਨੋ ਕਾਉਂਟੀ ਦੇ ਵਤੀਰੇ ਸੰਬੰਧੀ ਸਿਹਤ ਵਿਭਾਗ ਨਾਲ (559) 600-9031 'ਤੇ ਸੰਪਰਕ ਕਰੋ।

***<u>ਅਪਾਇੰਟਮੇਂਟ ਲਈ ਰੀਮਾਇੰਡਰ (ਯਾਦਦਹਾਨੀ)</u>***

ਅਸੀਂ ਤੁਹਾਨੂੰ ਇਹ ਯਾਦ ਦਿਵਾਉਣ ਲਈ ਸੰਪਰਕ ਕਰਨ ਲਈ ਕਿ ਕਾਉਂਟੀ ਵਿਖੇ ਤੁਹਾਡੇ ਇਲਾਜ ਜਾਂ ਡਾਕਟਰੀ ਦੇਖਭਾਲ ਲਈ ਮੁਲਾਕਾਤ ਹੈ, ਤੁਹਾਡੀ PHI ਤੱਕ ਪਹੁੰਚ, ਵਰਤੋਂ ਅਤੇ ਖੁਲਾਸਾ ਕਰ ਸਕਦੇ ਹਾਂ।

***<u>ਵਪਾਰਕ ਸਹਿਯੋਗੀ</u>***

ਅਸੀਂ ਕਿਸੀ ਬਾਹਰਲੀ ਕੰਪਨੀ ਨੂੰ ਤੁਹਾਡੀ PHI ਤੱਕ ਪਹੁੰਚ ਜਾਂ ਵਰਤੋਂ ਕਰ ਸਕਦੇ ਹਾਂ ਜੋ ਸਾਡੇ ਸਿਹਤ ਦੇਖਭਾਲ ਸਿਸਟਮ ਵਿੱਚ ਸਾਡੀ ਸਹਾਇਤਾ ਕਰਦੀ ਹੈ। ਉਹ ਸਾਡੇ ਲਈ ਕਈ ਤਰ੍ਹਾਂ ਦੀਆਂ ਸੇਵਾਵਾਂ ਦੀ ਪੇਸ਼ਕਸ਼ ਕਰਦੇ ਹਨ। ਇਸ ਵਿੱਚ ਸ਼ਾਮਲ ਹਨ, ਪਰ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ, ਆਡਿਟਿੰਗ, ਮਾਨਤਾ ਪ੍ਰਾਪਤ ਕਰਨ ਦੀਆਂ ਸੇਵਾਵਾਂ, ਕਨੂੰਨੀ ਸੇਵਾਵਾਂ ਅਤੇ ਸਲਾਹਕਾਰ ਸੇਵਾਵਾਂ। ਇਹਨਾਂ ਬਾਹਰਲੀਆਂ ਕੰਪਨੀਆਂ ਨੂੰ “ਵਪਾਰਕ ਸਹਿਯੋਗੀ” ਕਿਹਾ ਜਾਂਦਾ ਹੈ।

***ਤੁਹਾਡੀ ਦੇਖਭਾਲ ਵਿੱਚ ਸ਼ਾਮਲ ਪਰਿਵਾਰਕ ਮੈਂਬਰ ਅਤੇ ਦੋਸਤ ਜਾਂ ਤੁਹਾਡੀ ਦੇਖਭਾਲ ਲਈ ਭੁਗਤਾਨ***

ਅਸੀਂ ਤੁਹਾਡੀ PHI ਕਿਸੇ ਪਰਿਵਾਰਕ ਮੈਂਬਰ, ਕਿਸੇ ਹੋਰ ਰਿਸ਼ਤੇਦਾਰ, ਇੱਕ ਨਜ਼ਦੀਕੀ ਨਿੱਜੀ ਦੋਸਤ, ਜਾਂ ਕਿਸੇ ਹੋਰ ਵਿਅਕਤੀ ਨੂੰ ਜਾਰੀ ਕਰ ਸਕਦੇ ਹਾਂ ਜਿਸ ਨੂੰ ਤੁਹਾਡੀ ਦੇਖਭਾਲ ਵਿੱਚ ਉਸ ਵਿਅਕਤੀ ਦੀ ਸ਼ਮੂਲੀਅਤ ਜਾਂ ਤੁਹਾਡੀ ਦੇਖਭਾਲ ਨਾਲ ਸੰਬੰਧਿਤ ਭੁਗਤਾਨ ਲਈ ਸੰਬੰਧਿਤ ਹੋਣ ਵਜੋਂ ਪਛਾਣਦੇ ਹੋ, ਜੇ ਤੁਸੀਂ ਸਹਿਮਤ ਹੋ, ਇਤਰਾਜ਼ ਨਹੀਂ ਕਰਦੇ ਹੋ, ਜਾਂ ਅਸੀਂ ਵਾਜਬ ਢੰਗ ਨਾਲ ਸਮਝਦੇ ਹਾਂ ਕਿ ਕੋਈ ਇਤਰਾਜ਼ ਨਹੀਂ ਹੈ ਅਤੇ ਉਹ ਪਰਿਵਾਰਕ ਮੈਂਬਰ ਜਾਂ ਦੋਸਤ ਤੁਹਾਡੀ ਸਿਹਤ ਦੇਖਭਾਲ ਜਾਂ ਤੁਹਾਡੀ ਸਿਹਤ ਦੇਖਭਾਲ ਲਈ ਭੁਗਤਾਨ ਵਿੱਚ ਸ਼ਾਮਲ ਹੈ। ਜੇ ਤੁਸੀਂ ਮੌਜੂਦ ਨਹੀਂ ਹੋ ਜਾਂ ਅਸਮਰਥ ਹੋ ਜਾਂ ਇਹ ਕਿਸੇ ਐਮਰਜੈਂਸੀ ਜਾਂ ਆਫ਼ਤ ਤੋਂ ਰਾਹਤ ਦੇਣ ਦੇਣ ਵਾਲੀ ਸਥਿਤੀ ਹੈ, ਤਾਂ ਅਸੀਂ ਆਪਣੇ ਇਹ ਨਿਰਧਾਰਤ ਕਰਨ ਲਈ ਪੇਸ਼ੇਵਰ ਫੈਸਲੇ ਦੀ ਵਰਤੋਂ ਕਰਾਂਗੇ ਕਿ ਸੀਮਿਤ PHI ਦਾ ਖੁਲਾਸਾ ਕਰਨਾ ਤੁਹਾਡੇ ਹਾਲਾਤ ਦੇ ਅਨੁਸਾਰ ਤੁਹਾਡੇ ਸਭ ਤੋਂ ਵੱਧ ਹਿੱਤ ਵਿੱਚ ਹੈ ਜਾਂ ਨਹੀਂ। ਅਸੀਂ ਮ੍ਰਿਤਕ ਵਿਅਕਤੀ ਦੀ ਜਾਇਦਾਦ ਦੇ ਐਕਜ਼ੀਕਿਊਟਰ, ਪ੍ਰਬੰਧਕ ਜਾਂ ਉਸ 'ਤੇ ਅਧਿਕਾਰ ਰੱਖਣ ਵਾਲੇ ਕਿਸੇ ਹੋਰ ਵਿਅਕਤੀ ਨੂੰ PHI ਦਾ ਖੁਲਾਸਾ ਕਰ ਸਕਦੇ ਹਾਂ।

***ਖੋਜ***

ਅਸੀਂ ਖੋਜ ਦੇ ਉਦੇਸ਼ਾਂ ਲਈ ਤੁਹਾਡੇ ਬਾਰੇ PHI ਤੱਕ ਪਹੁੰਚ ਸਕਦੇ ਹਾਂ, ਉਸਦੀ ਵਰਤੋਂ ਅਤੇ ਉਸਦਾ ਖੁਲਾਸਾ ਕਰ ਸਕਦੇ ਹਾਂ। ਕਿਸੇ ਖੋਜ ਪ੍ਰੋਜੈਕਟ ਵਿੱਚ ਇੱਕ ਦਵਾਈ ਪ੍ਰਾਪਤ ਕਰਨ ਵਾਲੇ ਸਾਰੇ ਗਾਹਕਾਂ/ਖਪਤਕਾਰਾਂ ਦੀ ਸਿਹਤ ਅਤੇ ਰਿਕਵਰੀ ਦੀ ਤੁਲਨਾ ਉਹਨਾਂ ਵਿਅਕਤੀਆਂ ਨਾਲ ਕੀਤੀ ਜਾ ਸਕਦੀ ਹੈ ਜਿਨ੍ਹਾਂ ਨੇ ਉਸੇ ਸਥਿਤੀ ਲਈ ਕੋਈ ਹੋਰ ਦਵਾਈ ਪ੍ਰਾਪਤ ਕੀਤੀ ਹੈ। ਸਾਰੇ ਖੋਜ ਪ੍ਰੋਜੈਕਟ ਵਿਸ਼ੇਸ਼ ਪ੍ਰਵਾਨਗੀ ਪ੍ਰਕਿਰਿਆ ਦੇ ਅਧੀਨ ਹਨ। ਇਹ ਪ੍ਰਕਿਰਿਆ ਗਾਹਕਾਂ/ਖਪਤਕਾਰਾਂ ਦੇ PHI ਦੀ ਗੋਪਨੀਯਤਾ ਦੀ ਲੋੜ ਦੇ ਨਾਲ ਖੋਜ ਦੀਆਂ ਲੋੜਾਂ ਨੂੰ ਸੰਤੁਲਿਤ ਕਰਨ ਦੀ ਕੋਸ਼ਿਸ਼ ਕਰਦੇ ਹੋਏ, ਪ੍ਰਸਤਾਵਿਤ ਖੋਜ ਪ੍ਰੋਜੈਕਟ ਅਤੇ ਇਸਦੀ PHI ਦੀ ਵਰਤੋਂ ਦਾ ਮੁਲਾਂਕਣ ਕਰਦੀ ਹੈ। ਇਸ ਤੋਂ ਪਹਿਲਾਂ ਕਿ ਅਸੀਂ ਖੋਜ ਲਈ PHI ਦੀ ਵਰਤੋਂ ਜਾਂ ਖੁਲਾਸਾ ਕਰੀਏ, ਪ੍ਰੋਜੈਕਟ ਨੂੰ ਇਸ ਖੋਜ ਪ੍ਰਵਾਨਗੀ ਪ੍ਰਕਿਰਿਆ ਦੁਆਰਾ ਪ੍ਰਵਾਨਗੀ ਦਿੱਤੀ ਗਈ ਹੋਵੇਗੀ। ਹਾਲਾਂਕਿ, ਅਸੀਂ ਖੋਜ ਪ੍ਰੋਜੈਕਟ ਕਰਾਉਣ ਦੀ ਤਿਆਰੀ ਕਰ ਰਹੇ ਲੋਕਾਂ ਲਈ ਤੁਹਾਡੇ ਬਾਰੇ PHI ਦਾ ਖੁਲਾਸਾ ਕਰ ਸਕਦੇ ਹਾਂ, ਉਦਾਹਰਨ ਵਜੋਂ, ਖਾਸ ਡਾਕਟਰੀ ਲੋੜਾਂ ਵਾਲੇ ਗਾਹਕਾਂ/ਖਪਤਕਾਰਾਂ ਦੀ ਭਾਲ ਵਿੱਚ ਉਹਨਾਂ ਦੀ ਸਹਾਇਤਾ ਕਰਨ ਲਈ, ਜਦੋਂ ਤੱਕ ਉਹ ਜਿਸ PHI ਦੀ ਸਮੀਖਿਆ ਕਰਦੇ ਹਨ ਉਹ ਇਸ ਕਾਉਂਟੀ ਤੋਂ ਬਾਹਰ ਨਹੀਂ ਜਾਂਦੀ ਹੈ। ਜੇ ਖੋਜਕਰਤਾ ਨੂੰ ਤੁਹਾਡੇ ਨਾਮ, ਪਤੇ ਜਾਂ ਹੋਰ ਜਾਣਕਾਰੀ ਤੱਕ ਪਹੁੰਚ ਮਿਲੇਗੀ ਜੋ ਇਹ ਦੱਸਦੀ ਹੈ ਕਿ ਤੁਸੀਂ ਕੌਣ ਹੋ ਜਾਂ ਉਹ ਤੁਹਾਡੀ ਦੇਖਭਾਲ ਵਿੱਚ ਸ਼ਾਮਲ ਹੋਣਗੇ, ਤਾਂ ਅਸੀਂ ਤੁਹਾਡੀ ਵਿਸ਼ੇਸ਼ ਇਜਾਜ਼ਤ ਮੰਗਾਂਗੇ।

***ਜਿਵੇਂ ਕਾਨੂੰਨ ਦੁਆਰਾ ਲੋੜੀਂਦਾ ਹੈ***

ਜਦੋਂ ਸੰਘੀ, ਰਾਜ, ਜਾਂ ਸਥਾਨਕ ਕਾਨੂੰਨ ਦੁਆਰਾ ਅਜਿਹਾ ਕਰਨ ਦੀ ਲੋੜ ਹੋਣ 'ਤੇ ਤੁਹਾਡੇ ਬਾਰੇ PHI ਦਾ ਖੁਲਾਸਾ ਕਰਾਂਗੇ।

***ਸਿਹਤ ਜਾਂ ਸੁਰੱਖਿਆ ਲਈ ਗੰਭੀਰ ਖ਼ਤਰੇ ਨੂੰ ਦੂਰ ਕਰਨ ਲਈ***

ਜਦੋਂ ਤੁਹਾਡੀ ਸਿਹਤ ਅਤੇ ਸੁਰੱਖਿਆ ਜਾਂ ਜਨਤਾ ਜਾਂ ਕਿਸੇ ਹੋਰ ਵਿਅਕਤੀ ਦੀ ਸਿਹਤ ਅਤੇ ਸੁਰੱਖਿਆ ਲਈ ਕਿਸੇ ਗੰਭੀਰ ਖ਼ਤਰੇ ਨੂੰ ਰੋਕਣ ਲਈ ਜ਼ਰੂਰੀ ਹੋਏ ਤਾਂ ਅਸੀਂ ਤੁਹਾਡੇ ਬਾਰੇ PHI ਤਕ ਪਹੁੰਚ ਕਰ ਸਕਦੇ ਹਾਂ, ਇਸ ਨੂੰ ਵਰਤ ਸਕਦੇ ਹਾਂ ਅਤੇ ਇਸਦਾ ਖੁਲਾਸਾ ਕਰ ਸਕਦੇ ਹਾਂ।

***ਅੰਗ ਅਤੇ ਟਿਸ਼ੂ ਦਾਨ***

ਅਸੀਂ ਤੁਹਾਡੀ PHI ਨੂੰ ਉਹਨਾਂ ਸੰਗਠਨਾਂ ਨੂੰ, ਜੋ ਅੰਗ ਪ੍ਰਾਪਤ ਕਰਨ ਜਾਂ ਅੰਗਾਂ, ਅੱਖਾਂ ਜਾਂ ਟਿਸ਼ੂ ਟ੍ਰਾਂਸਪਲਾਂਟੇਸ਼ਨ ਨੂੰ ਸੰਭਾਲਦੇ ਹਨ, ਜਾਂ ਕਿਸੇ ਅੰਗ ਦਾਨ ਬੈਂਕ ਨੂੰ ਜਾਰੀ ਕਰ ਸਕਦੇ ਹਾਂ।

***ਮਿਲਟਰੀ ਅਤੇ ਸਾਬਕਾ ਫੌਜ਼ੀ***

ਜੇ ਤੁਸੀਂ ਹਥਿਆਰਬੰਦ ਬਲਾਂ ਦੇ ਮੈਂਬਰ ਹੋ, ਤਾਂ ਅਸੀਂ ਫੌਜੀ ਕਮਾਂਡ ਅਥਾਰਟੀਆਂ ਦੁਆਰਾ ਲੋੜੀਂਦਾ ਹੋਣ 'ਤੇ ਤੁਹਾਡੇ ਬਾਰੇ PHI ਜਾਰੀ ਕਰ ਸਕਦੇ ਹਾਂ। ਅਸੀਂ ਵਿਦੇਸ਼ੀ ਫੌਜੀ ਕਰਮਚਾਰੀਆਂ ਬਾਰੇ PHI ਢੁਕਵੀਂ ਵਿਦੇਸ਼ੀ ਮਿਲਟਰੀ ਅਥਾਰਟੀ ਨੂੰ ਜਾਰੀ ਕਰ ਸਕਦੇ ਹਾਂ।

***ਕਰਮਚਾਰੀਆਂ ਦਾ ਮੁਆਵਜ਼ਾ***

ਅਸੀਂ ਕਰਮਚਾਰੀਆਂ ਦੇ ਮੁਆਵਜ਼ੇ ਜਾਂ ਇਸ ਤਰ੍ਹਾਂ ਦੇ ਪ੍ਰੋਗਰਾਮਾਂ ਲਈ ਤੁਹਾਡੇ ਬਾਰੇ PHI ਜਾਰੀ ਕਰ ਸਕਦੇ ਹਾਂ।

***ਜਨਤਕ ਸਿਹਤ ਅਤੇ ਸੁਰੱਖਿਆ***

ਅਸੀਂ ਜਨਤਕ ਸਿਹਤ ਅਤੇ ਸੁਰੱਖਿਆ ਗਤੀਵਿਧੀਆਂ ਲਈ ਤੁਹਾਡੇ ਬਾਰੇ PHI ਦਾ ਖੁਲਾਸਾ ਕਰ ਸਕਦੇ ਹਾਂ ਜਦੋਂ ਕਾਨੂੰਨ ਦੁਆਰਾ ਅਜਿਹਾ ਖੁਲਾਸਾ ਕਰਨ ਦੀ ਲੋੜ ਹੁੰਦੀ ਹੈ। ਜਨਤਕ ਸਿਹਤ ਅਤੇ ਸੁਰੱਖਿਆ ਦੀਆਂ ਗਤੀਵਿਧੀਆਂ ਵਿੱਚ ਆਮ ਤੌਰ 'ਤੇ ਇਹ ਸ਼ਾਮਲ ਹੁੰਦੀਆਂ ਹਨ: ਬਿਮਾਰੀ, ਸੱਟ ਜਾਂ ਅਪਾਹਜਤਾ ਤੋਂ ਬਚਾਅ ਜਾਂ ਨਿਯੰਤਰਣ; ਜਨਮ ਅਤੇ ਮੌਤ ਦੀ ਰਿਪੋਰਟ ਕਰਨਾ; ਬੱਚਿਆਂ, ਬਜ਼ੁਰਗਾਂ, ਅਤੇ ਨਿਰਭਰ ਬਾਲਗਾਂ ਨਾਲ ਬਦਸਲੂਕੀ ਜਾਂ ਅਣਦੇਖੀ ਦੀ ਰਿਪੋਰਟ ਕਰਨਾ, ਜਿਸ ਵਿੱਚ ਘਰੇਲੂ ਹਿੰਸਾ ਵੀ ਸ਼ਾਮਲ ਹੈ ਜੋ ਕਿਸੇ ਬੱਚੇ, ਬਜ਼ੁਰਗ, ਜਾਂ ਨਿਰਭਰ ਬਾਲਗ ਨੂੰ ਜੋਖਮ ਵਿੱਚ ਪਾ ਸਕਦੀ ਹੈ; ਦਵਾਈਆਂ ਦੀ ਪ੍ਰਤੀਕਿਰਿਆ ਜਾਂ ਉਤਪਾਦਾਂ ਨਾਲ ਸਮੱਸਿਆਵਾਂ ਬਾਰੇ ਦੱਸਣਾ; ਲੋਕਾਂ ਨੂੰ ਉਹ ਉਤਪਾਦਾਂ ਦੀ ਵਾਪਸੀ ਬਾਰੇ ਸੂਚਿਤ ਕਰਨਾ ਜੋ ਉਹ ਵਰਤ ਰਹੇ ਹੋ ਸਕਦੇ ਹਨ; ਕਿਸੇ ਵਿਅਕਤੀ ਨੂੰ ਸੂਚਿਤ ਕਰਨਾ ਜੋ ਕਿਸੇ ਬਿਮਾਰੀ ਦੇ ਸੰਪਰਕ ਵਿੱਚ ਆਇਆ ਹੋ ਸਕਦਾ ਹੈ ਜਾਂ ਕਿਸੇ ਬਿਮਾਰੀ ਦਾ ਸ਼ਿਕਾਰ ਬਣਨ ਜਾਂ ਫੈਲਾਉਣ ਦਾ ਜੋਖਮ ਵਿੱਚ ਹੋ ਸਕਦਾ ਹੈ।

***ਵਿਦਿਆਰਥੀ ਟੀਕਾਕਰਨ ਦੇ ਰਿਕਾਰਡ***

ਅਸੀਂ ਕਿਸੇ ਵਿਅਕਤੀ ਬਾਰੇ PHI ਜਾਰੀ ਕਰ ਸਕਦਾ ਹਾਂ ਜੋ ਵਿਦਿਆਰਥੀ ਜਾਂ ਸੰਭਾਵਿਤ ਵਿਦਿਆਰਥੀ ਹੈ ਜੇ PHI ਟੀਕਾਕਰਨ ਦੇ ਸਬੂਤ ਤੱਕ ਸੀਮਿਤ ਹੈ ਅਤੇ ਵਿਅਕਤੀ ਨੂੰ ਦਾਖਲ ਕਰਨ ਲਈ ਅਜਿਹਾ ਸਬੂਤ ਕਾਨੂੰਨੀ ਤੌਰ 'ਤੇ ਲੋੜੀਂਦਾ ਹੈ।

***ਸਿਹਤ ਨਿਗਰਾਨੀ ਦੀਆਂ ਗਤੀਵਿਧੀਆਂ***

ਅਸੀਂ ਕਾਨੂੰਨ ਦੁਆਰਾ ਅਧਿਕਾਰਤ ਗਤੀਵਿਧੀਆਂ ਲਈ ਕਿਸੇ ਸਿਹਤ ਨਿਗਰਾਨੀ ਏਜੰਸੀ ਨੂੰ ਤੁਹਾਡੇ PHI ਦਾ ਖੁਲਾਸਾ ਕਰ ਸਕਦੇ ਹਾਂ। ਇਹਨਾਂ ਨਿਗਰਾਨੀ ਦੀਆਂ ਗਤੀਵਿਧੀਆਂ ਵਿੱਚ ਆਡਿਟ, ਜਾਂਚ, ਨਿਰੀਖਣ ਅਤੇ ਲਾਇਸੈਂਸ ਸ਼ਾਮਲ ਹਨ।

***ਕਾਨੂੰਨੀ ਅਤੇ ਪ੍ਰਸ਼ਾਸਕੀ ਕਾਰਵਾਈਆਂ***

ਜੇ ਤੁਸੀਂ ਕਿਸੇ ਫੌਜਦਾਰੀ ਅਦਾਲਤ ਦੇ ਮਾਮਲੇ, ਕਿਸੇ ਦਿਵਾਨੀ ਮੁਕੱਦਮੇ, ਜਾਂ ਕਿਸੇ ਪ੍ਰਸ਼ਾਸਕੀ ਕਾਰਵਾਈ ਵਿੱਚ ਸ਼ਾਮਲ ਹੋ, ਤਾਂ ਅਸੀਂ ਕਿਸੇ ਅਦਾਲਤ ਜਾਂ ਪ੍ਰਸ਼ਾਸਨਿਕ ਆਦੇਸ਼, ਸਮਨ, ਖੋਜ ਬੇਨਤੀ, ਜਾਂ ਹੋਰ ਕਾਨੂੰਨੀ ਪ੍ਰਕਿਰਿਆ ਦੇ ਜਵਾਬ ਵਿੱਚ ਤੁਹਾਡੇ ਬਾਰੇ PHI ਦਾ ਖੁਲਾਸਾ ਕਰ ਸਕਦੇ ਹਾਂ।

***ਕਾਨੂੰਨ ਲਾਗੂਕਰਨ***

ਜੇ ਕਾਨੂੰਨ ਦੁਆਰਾ ਲੋੜੀਂਦਾ ਹੋਵੇ ਤਾਂ ਅਸੀਂ ਤੁਹਾਡੇ PHI ਨੂੰ ਕਾਨੂੰਨ ਲਾਗੂ ਕਰਨ ਲਈ ਜਾਰੀ ਕਰ ਸਕਦੇ ਹਾਂ।

***ਕੋਰੋਨਰ, ਡਾਕਟਰੀ ਜਾਂਚਕਰਤਾ ਅਤੇ ਅੰਤਿਮ-ਸੰਸਕਾਰ ਡਾਇਰੈਕਟਰ***

ਅਸੀਂ ਇੱਕ ਕੋਰੋਨਰ ਜਾਂ ਡਾਕਟਰੀ ਜਾਂਚਕਰਤਾ ਨੂੰ PHI ਜਾਰੀ ਕਰ ਸਕਦੇ ਹਾਂ। ਉਦਾਹਰਨ ਲਈ, ਇਹ ਕਿਸੇ ਮ੍ਰਿਤਕ ਵਿਅਕਤੀ ਦੀ ਪਛਾਣ ਕਰਨ ਜਾਂ ਮੌਤ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਜ਼ਰੂਰੀ ਹੋ ਸਕਦਾ ਹੈ। ਅਸੀਂ ਇਸ ਕਾਉਂਟੀ ਦੇ ਗਾਹਕਾਂ/ਉਪਭੋਗਤਾਵਾਂ ਬਾਰੇ PHI ਅੰਤਮ-ਸੰਸਕਾਰ ਡਾਇਰੈਕਟਰਾਂ ਨੂੰ ਵੀ ਜਾਰੀ ਕਰ ਸਕਦੇ ਹਾਂ, ਜਿਵੇਂ ਕਿ ਉਹਨਾਂ ਦੀਆਂ ਡਿਊਟੀਆਂ ਨੂੰ ਪੂਰਾ ਕਰਨ ਲਈ ਜ਼ਰੂਰੀ ਹੋਵੇ।

***ਰਾਸ਼ਟਰੀ ਸੁਰੱਖਿਆ ਅਤੇ ਖੁਫੀਆ ਗਤੀਵਿਧੀਆਂ***

ਅਸੀਂ ਤੁਹਾਡੇ ਬਾਰੇ PHI ਕਾਨੂੰਨੀ ਤੌਰ 'ਤੇ ਲੋੜੀਂਦੀ ਖੁਫੀਆ, ਖੁਫੀਆ-ਵਿਰੋਧੀ, ਅਤੇ ਹੋਰ ਰਾਸ਼ਟਰੀ ਸੁਰੱਖਿਆ ਗਤੀਵਿਧੀਆਂ ਲਈ ਅਧਿਕਾਰਤ ਸੰਘੀ ਅਧਿਕਾਰੀਆਂ ਨੂੰ ਜਾਰੀ ਕਰ ਸਕਦੇ ਹਾਂ।

***ਰਾਸ਼ਟਰਪਤੀ ਅਤੇ ਹੋਰਾਂ ਲਈ ਸੁਰੱਖਿਆ ਸੇਵਾਵਾਂ***

ਅਸੀਂ ਅਧਿਕਾਰਤ ਸੰਘੀ ਅਧਿਕਾਰੀਆਂ ਨੂੰ ਤੁਹਾਡੇ ਬਾਰੇ PHI ਦਾ ਖੁਲਾਸਾ ਕਰ ਸਕਦੇ ਹਾਂ ਤਾਂ ਜੋ ਉਹ ਰਾਸ਼ਟਰਪਤੀ, ਹੋਰ ਅਧਿਕਾਰਤ ਵਿਅਕਤੀਆਂ, ਵਿਦੇਸ਼ੀ ਦੇਸ਼ਾਂ ਦੇ ਮੁਖੀਆਂ ਨੂੰ ਸੁਰੱਖਿਆ ਮੁਹੱਈਆ ਕਰ ਸਕਣ ਜਾਂ ਉਹ ਵਿਸ਼ੇਸ਼ ਜਾਂਚ ਕਰ ਸਕਣ।

***ਕੈਦੀ***

ਜੇ ਤੁਸੀਂ ਕਿਸੇ ਸੁਧਾਰਾਤਮਕ ਸੰਸਥਾ ਦੇ ਕੈਦੀ ਹੋ ਜਾਂ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ ਦੀ ਨਿਗਰਾਨੀ ਹੇਠ ਹੋ, ਤਾਂ ਅਸੀਂ ਤੁਹਾਡੇ ਬਾਰੇ PHI ਨੂੰ ਸੁਧਾਰਾਤਮਕ ਸੰਸਥਾ ਜਾਂ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ ਨੂੰ ਜਾਰੀ ਕਰ ਸਕਦੇ ਹਾਂ। ਇਹ ਜਾਰੀ ਕਰਨਾ ਜ਼ਰੂਰੀ ਹੋਵੇਗਾ (1) ਸੰਸਥਾ ਦੁਆਰਾ ਤੁਹਾਨੂੰ ਸਿਹਤ ਸੰਭਾਲ ਮੁਹੱਈਆ ਕਰਨ ਲਈ; (2) ਤੁਹਾਡੀ ਸਿਹਤ ਅਤੇ ਸੁਰੱਖਿਆ ਜਾਂ ਦੂਜਿਆਂ ਦੀ ਸਿਹਤ ਅਤੇ ਸੁਰੱਖਿਆ ਦੀ ਰੱਖਿਆ ਕਰਨ ਲਈ; ਜਾਂ (3) ਸੁਧਾਰਾਤਮਕ ਸੰਸਥਾ ਦੀ ਸੁਰੱਖਿਆ ਅਤੇ ਸਲਾਮਤੀ ਲਈ।

***ਅਮਰੀਕਾ ਦੇ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਦੇ ਸੈਕ੍ਰੇਟਰੀ***

ਕਾਉਂਟੀ ਦੁਆਰਾ HIPAA ਗੋਪਨੀਯਤਾ ਨਿਯਮ ਦੀ ਪਾਲਣਾ ਦੀ ਜਾਂਚ ਕਰਨ ਜਾਂ ਇਸਦਾ ਨਿਰਧਾਰਨ ਕਰਨ ਲਈ ਅਸੀਂ ਸੈਕ੍ਰੇਟਰੀ ਨੂੰ ਤੁਹਾਡੇ ਬਾਰੇ PHI ਜਾਰੀ ਕਰ ਸਕਦੇ ਹਾਂ।

***ਤੁਹਾਡੇ ਬਾਰੇ PHI ਸੰਬੰਧੀ ਤੁਹਾਡੇ ਅਧਿਕਾਰ***

***ਜਾਂਚ ਅਤੇ ਨਕਲ ਕਰਨ ਦਾ ਅਧਿਕਾਰ***

ਤੁਹਾਨੂੰ PHI ਦਾ ਮੁਆਇਨਾ ਕਰਨ ਅਤੇ ਕਾਪੀ ਕਰਨ ਦਾ ਅਧਿਕਾਰ ਹੈ, ਸਿਵਾਏ 45 C.F.R. 164.524 ਵਿੱਚ ਦਰਜ ਸੀਮਤ ਹਾਲਤਾਂ ਦੇ ਅਧੀਨ, ਜਿੰਨਾ ਚਿਰ ਅਸੀਂ ਇਸ ਮੰਨਦੇ ਹਾਂ ਕਿ ਇਹ ਕਨੂੰਨ ਦੁਆਰਾ ਲੋੜੀਂਦਾ ਹੈ। ਇਹ ਅਧਿਕਾਰ ਡਾਕਟਰੀ ਅਤੇ ਬਿਲਿੰਗ ਰਿਕਾਰਡਾਂ ਤਕ ਫੈਲਦਾ ਹੈ, ਪਰ ਕੁਝ ਸਿਹਤ ਸੰਬੰਧੀ ਜਾਣਕਾਰੀ ਜਿਵੇਂ ਕਿ ਸਾਈਕੋਥੈਰੇਪੀ ਟਿੱਪਣੀਆਂ, ਦਿਵਾਨੀ ਜਾਂ ਅਪਰਾਧਿਕ ਕਾਰਵਾਈਆਂ ਲਈ ਤਿਆਰ ਕੀਤੀ ਜਾਣਕਾਰੀ ਅਤੇ 1988 ਦੇ ਕਲੀਨਿਕਲ ਲੈਬਾਰਟਰੀ ਸੁਧਾਰ ਸੋਧਾਂ ਅਧੀਨ ਰੱਖੀ ਗਈ PHI ਤੱਕ ਨਹੀਂ ਜਾ ਸਕਦੀ ਹੈ। ਤੁਹਾਨੂੰ ਪਹੁੰਚ ਲਈ ਆਪਣੀ ਬੇਨਤੀ ਲਿਖਤੀ ਤੌਰ 'ਤੇ ਕਰਨੀ ਲਾਜ਼ਮੀ ਹੈ।

ਜੇ ਤੁਸੀਂ PHI ਦੀ ਕਾਪੀ ਲਈ ਬੇਨਤੀ ਕਰਦੇ ਹੋ ਕਿ ਜੋ ਕਾਉਂਟੀ ਕੋਲ ਤੁਹਾਡੇ ਬਾਰੇ ਹੈ, ਤਾਂ ਅਸੀਂ ਤੁਹਾਡੀ ਬੇਨਤੀ ਨਾਲ ਜੁੜੀ ਨਕਲ ਕਰਨ, ਡਾਕ ਰਾਹੀਂ ਭੇਜਣ ਜਾਂ ਹੋਰ ਸਪਲਾਈਆਂ ਦੇ ਖਰਚਿਆਂ ਲਈ ਇੱਕ ਫੀਸ ਲੈ ਸਕਦੇ ਹਾਂ। ਤੁਹਾਨੂੰ ਇਸ ਜਾਣਕਾਰੀ ਦਾ ਸਾਰ ਮੰਗਣ ਦਾ ਵੀ ਅਧਿਕਾਰ ਹੈ। ਜੇ ਤੁਸੀਂ ਸਾਰ ਲਈ ਬੇਨਤੀ ਕਰਦੇ ਹੋ, ਤਾਂ ਅਸੀਂ ਤੁਹਾਡੇ ਥੋੜ੍ਹੀ ਜਿਹੀ ਫੀਸ ਲੈ ਸਕਦੇ ਹਾਂ।

ਅਸੀਂ ਕੁਝ ਸੀਮਤ ਸਥਿਤੀਆਂ ਵਿੱਚ ਤੁਹਾਡੀ PHI ਦੀ ਜਾਂਚ ਕਰਨ ਅਤੇ ਨਕਲ ਕਰਨ ਦੀ ਤੁਹਾਡੀ ਬੇਨਤੀ ਨੂੰ ਅਸਵੀਕਾਰ ਕਰ ਸਕਦੇ ਹਾਂ। ਜੇ ਤੁਹਾਨੂੰ ਉਹਨਾਂ ਸੀਮਤ ਸਥਿਤੀਆਂ ਦੇ ਤਹਿਤ ਆਪਣੀ PHI ਤਕ ਪਹੁੰਚ ਤੋਂ ਇਨਕਾਰ ਕੀਤਾ ਜਾਂਦਾ ਹੈ, ਤਾਂ ਤੁਸੀਂ ਬੇਨਤੀ ਕਰ ਸਕਦੇ ਹੋ ਕਿ ਇਸ ਇਨਕਾਰ ਦੀ ਸਮੀਖਿਆ ਕੀਤੀ ਜਾਵੇ। ਇਸ ਕਾਉਂਟੀ ਦੁਆਰਾ ਚੁਣਿਆ ਇੱਕ ਲਾਇਸੰਸਸ਼ੁਦਾ ਸਿਹਤ ਦੇਖਭਾਲ ਪੇਸ਼ੇਵਰ, ਤੁਹਾਡੀ ਬੇਨਤੀ ਅਤੇ ਇਨਕਾਰ ਦੀ ਸਮੀਖਿਆ ਕਰੇਗਾ। ਸਮੀਖਿਆ ਕਰਨ ਵਾਲਾ ਲਾਇਸੰਸਸ਼ੁਦਾ ਸਿਹਤ ਦੇਖਭਾਲ ਪੇਸ਼ੇਵਰ ਉਹ

ਵਿਅਕਤੀ ਨਹੀਂ ਹੋਵੇਗਾ ਜਿਸਨੇ ਤੁਹਾਡੀ ਬੇਨਤੀ ਨੂੰ ਇਨਕਾਰ ਕੀਤਾ ਸੀ। ਅਸੀਂ ਸਮੀਖਿਆ ਦੇ ਨਤੀਜਿਆਂ ਦੀ ਪਾਲਣਾ ਕਰਾਂਗੇ।

***ਸੋਧ ਕਰਨ ਦਾ ਅਧਿਕਾਰ***

ਜੇ ਤੁਹਾਨੂੰ ਲਗਦਾ ਹੈ ਕਿ ਸਾਡੇ ਕੋਲ ਮੌਜੂਦ ਤੁਹਾਡੀ PHI ਗਲਤ ਜਾਂ ਅਧੂਰੀ ਹੈ, ਤਾਂ ਤੁਸੀਂ ਸਾਨੂੰ ਜਾਣਕਾਰੀ ਨੂੰ ਸੋਧਣ ਲਈ ਕਹਿ ਸਕਦੇ ਹੋ। ਜਦੋਂ ਤਕ ਜਾਣਕਾਰੀ ਇਸ ਕਾਉਂਟੀ ਦੁਆਰਾ ਜਾਂ ਇਸ ਲਈ ਰੱਖੀ ਜਾਂਦੀ ਹੈ, ਤੁਹਾਨੂੰ ਸੋਧ ਦੀ ਬੇਨਤੀ ਕਰਨ ਦਾ ਅਧਿਕਾਰ ਹੈ। ਤੁਹਾਡੀ ਬੇਨਤੀ ਲਿਖਤੀ ਰੂਪ ਵਿੱਚ ਹੋਣੀ ਲਾਜ਼ਮੀ ਹੈ। ਤੁਹਾਨੂੰ ਆਪਣੀ ਬੇਨਤੀ ਦੇ ਸਮਰਥਨ ਵਿੱਚ ਇੱਕ ਕਾਰਨ ਜ਼ਰੂਰ ਦੇਣਾ ਚਾਹੀਦਾ ਹੈ।

ਅਸੀਂ ਤੁਹਾਡੀ ਬੇਨਤੀ ਨੂੰ ਅਸਵੀਕਾਰ ਕਰ ਸਕਦੇ ਹਾਂ ਜੇ ਇਹ ਲਿਖਤੀ ਰੂਪ ਵਿੱਚ ਨਹੀਂ ਹੈ ਜਾਂ ਇਸ ਬੇਨਤੀ ਦਾ ਸਮਰਥਨ ਕਰਨ ਲਈ ਕੋਈ ਕਾਰਨ ਸ਼ਾਮਲ ਨਹੀਂ ਹੈ।

ਅਸੀਂ ਤੁਹਾਡੀ ਬੇਨਤੀ ਨੂੰ ਅਸਵੀਕਾਰ ਕਰ ਸਕਦੇ ਹਾਂ ਜੇ ਤੁਸੀਂ ਸਾਨੂੰ ਜਾਣਕਾਰੀ ਨੂੰ ਸੋਧਣ ਲਈ ਕਹਿੰਦੇ ਹੋ ਜੋ:

- ਸਾਡੇ ਦੁਆਰਾ ਨਹੀਂ ਬਣਾਈ ਗਈ ਸੀ, ਜਦੋਂ ਤੱਕ ਉਹ ਵਿਅਕਤੀ ਜਾਂ ਇਕਾਈ ਜਿਸਨੇ ਜਾਣਕਾਰੀ ਬਣਾਈ ਹੈ ਹੁਣ ਸੋਧ ਕਰਨ ਲਈ ਉਪਲਬਧ ਨਹੀਂ ਹੈ
- ਕਾਉਂਟੀ ਦੁਆਰਾ ਜਾਂ ਕਾਉਂਟੀ ਲਈ ਰੱਖੀ ਗਈ PHI ਦਾ ਹਿੱਸਾ ਨਹੀਂ ਹੈ
- ਉਹ ਜਾਣਕਾਰੀ ਦਾ ਹਿੱਸਾ ਨਹੀਂ ਹੈ ਜਿਸਦੀ ਤੁਹਾਨੂੰ ਜਾਂਚ ਕਰਨ ਅਤੇ ਕਾਪੀ ਕਰਨ ਦੀ ਇਜਾਜ਼ਤ ਹੈ, ਜਾਂ
- ਸਹੀ ਅਤੇ ਸੰਪੂਰਨ ਹੈ।

ਜੇ ਅਸੀਂ ਸੋਧ ਲਈ ਤੁਹਾਡੀ ਬੇਨਤੀ ਨੂੰ ਅਸਵੀਕਾਰ ਕਰਦੇ ਹਾਂ, ਤਾਂ ਤੁਹਾਡੇ ਕੋਲ, ਤੁਹਾਡੇ ਰਿਕਾਰਡ ਵਿਚਲੀ ਕਿਸੇ ਵੀ ਵਸਤੂ ਜਾਂ ਬਿਆਨ ਦੇ ਸੰਬੰਧ ਵਿੱਚ ਜੋ ਤੁਸੀਂ ਅਧੂਰਾ ਜਾਂ ਗਲਤ ਮੰਨਦੇ ਹੋ, ਲਿਖਤੀ ਸੋਧ ਜਮ੍ਹਾਂ ਕਰਨ ਦਾ ਅਧਿਕਾਰ ਹੈ, ਜੋ 250 ਸ਼ਬਦਾਂ ਤੋਂ ਵੱਧ ਨਾ ਹੋਵੇ। ਜੇ ਤੁਸੀਂ ਸਪਸ਼ਟ ਤੌਰ 'ਤੇ ਲਿਖਤੀ ਰੂਪ ਵਿੱਚ ਇਹ ਸੰਕੇਤ ਕਰਦੇ ਹੋ ਕਿ ਤੁਸੀਂ ਚਾਹੁੰਦੇ ਹੋ ਕਿ ਪਰਿਸ਼ਿਸ਼ਟ ਨੂੰ ਤੁਹਾਡੀ PHI ਦਾ ਹਿੱਸਾ ਬਣਾਇਆ ਜਾਵੇ, ਤਾਂ ਅਸੀਂ ਇਸ ਨੂੰ ਤੁਹਾਡੇ ਰਿਕਾਰਡਾਂ ਨਾਲ ਜੋੜ ਦਿਆਂਗੇ ਅਤੇ ਜਦੋਂ ਵੀ ਅਸੀਂ ਕਿਸੇ ਚੀਜ਼ ਜਾਂ ਬਿਆਨ ਦਾ ਖੁਲਾਸਾ ਕਰਾਂਗੇ ਜਿਸ ਨੂੰ ਤੁਸੀਂ ਅਧੂਰਾ ਜਾਂ ਗਲਤ ਮੰਨਦੇ ਹੋ, ਇਸ ਨੂੰ ਸ਼ਾਮਲ ਕਰਾਂਗੇ।

***ਗੁਪਤ ਸੰਚਾਰ ਦੀ ਬੇਨਤੀ ਦਾ ਅਧਿਕਾਰ***

ਤੁਹਾਨੂੰ ਬੇਨਤੀ ਕਰਨ ਦਾ ਅਧਿਕਾਰ ਹੈ ਕਿ ਅਸੀਂ ਤੁਹਾਡੇ ਨਾਲ ਡਾਕਟਰੀ ਮਾਮਲਿਆਂ ਬਾਰੇ ਕਿਸੇ ਖਾਸ ਢੰਗ ਨਾਲ ਜਾਂ ਕਿਸੇ ਖਾਸ ਜਗ੍ਹਾ 'ਤੇ ਗੱਲ ਕਰੀਏ। ਉਦਾਹਰਨ ਲਈ, ਤੁਸੀਂ ਪੁੱਛ ਸਕਦੇ ਹੋ ਕਿ ਅਸੀਂ ਸਿਰਫ ਤੁਹਾਡੇ ਨਾਲ ਕੰਮ 'ਤੇ ਜਾਂ ਡਾਕ ਦੁਆਰਾ ਸੰਪਰਕ ਕਰੀਏ।

ਅਸੀਂ ਤੁਹਾਨੂੰ ਤੁਹਾਡੀ ਬੇਨਤੀ ਦਾ ਕਾਰਨ ਨਹੀਂ ਪੁੱਛਾਂਗੇ। ਅਸੀਂ ਸਾਰੀਆਂ ਵਾਜਬ ਬੇਨਤੀਆਂ ਨੂੰ ਪੂਰਾ ਕਰਾਂਗੇ। ਤੁਹਾਡੀ ਬੇਨਤੀ ਵਿੱਚ ਜ਼ਰੂਰ ਦੱਸਿਆ ਜਾਣਾ ਚਾਹੀਦਾ ਹੈ ਕਿ ਤੁਸੀਂ ਕਿਵੇਂ ਜਾਂ ਕਿਥੇ ਸੰਪਰਕ ਕੀਤਾ ਜਾਣਾ ਚਾਹੁੰਦੇ ਹੋ।

***ਪ੍ਰਤਿਬੰਧਾਂ ਦੀ ਬੇਨਤੀ ਕਰਨ ਦਾ ਅਧਿਕਾਰ***

ਤੁਹਾਨੂੰ ਇਲਾਜ, ਅਦਾਇਗੀ, ਜਾਂ ਸਿਹਤ ਦੇਖ-ਰੇਖ ਸੰਚਾਲਨਾਂ ਲਈ ਸਾਡੇ ਦੁਆਰਾ ਤੁਹਾਡੇ ਬਾਰੇ PHI ਤਕ ਪਹੁੰਚ, ਵਰਤੋਂ, ਜਾਂ ਖੁਲਾਸਾ ਕਰਨ 'ਤੇ ਕਿਸੇ ਪਾਬੰਦੀ ਜਾਂ ਸੀਮਾ ਦੀ ਬੇਨਤੀ ਕਰਨ ਦਾ ਅਧਿਕਾਰ ਹੈ। ਤੁਹਾਨੂੰ PHI 'ਤੇ ਸੀਮਾ ਲਗਾਉਣ ਲਈ ਬੇਨਤੀ ਕਰਨ ਦਾ ਵੀ ਅਧਿਕਾਰ ਹੈ ਜਿਸਦਾ ਅਸੀਂ ਤੁਹਾਡੇ ਬਾਰੇ ਕਿਸੇ ਅਜਿਹੇ ਵਿਅਕਤੀ ਦੇ ਕੋਲ ਖੁਲਾਸਾ ਕਰਦੇ ਹਾਂ ਜੋ ਤੁਹਾਡੀ ਦੇਖਭਾਲ ਜਾਂ ਤੁਹਾਡੀ ਦੇਖਭਾਲ ਲਈ ਭੁਗਤਾਨ ਵਿੱਚ ਸ਼ਾਮਲ ਹੈ, ਜਿਵੇਂ ਕਿ ਇੱਕ ਪਰਿਵਾਰਕ ਮੈਂਬਰ ਜਾਂ ਦੋਸਤ। ਉਦਾਹਰਨ ਲਈ, ਤੁਸੀਂ ਕਹਿ ਸਕਦੇ ਹੋ ਕਿ ਅਸੀਂ ਤੁਹਾਨੂੰ

ਮਿਲੀ ਕਿਸੇ ਸੇਵਾ ਬਾਰੇ ਜਾਣਕਾਰੀ ਦੀ ਵਰਤੋਂ ਜਾਂ ਖੁਲਾਸਾ ਨਾ ਕਰੀਏ।

*ਸਾਡੇ ਲਈ ਤੁਹਾਡੀ ਬੇਨਤੀ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।* ਜੇ ਅਸੀਂ ਸਹਿਮਤ ਹਾਂ, ਅਸੀਂ ਤੁਹਾਡੀ ਬੇਨਤੀ ਦੀ ਪਾਲਣਾ ਕਰਾਂਗੇ ਜਦੋਂ ਤਕ ਜਾਣਕਾਰੀ ਦੀ ਲੋੜ ਤੁਹਾਨੂੰ ਐਮਰਜੈਂਸੀ ਇਲਾਜ ਪ੍ਰਦਾਨ ਕਰਨ ਲਈ ਨਾ ਹੋਵੇ। ਤੁਹਾਡੀ ਬੇਨਤੀ ਵਿਚ, ਤੁਹਾਨੂੰ ਸਾਨੂੰ ਜ਼ਰੂਰੀ ਤੌਰ 'ਤੇ ਇਹ ਦੱਸਣਾ ਚਾਹੀਦਾ ਹੈ:

(1) ਤੁਸੀਂ ਕਿਹੜੀ ਜਾਣਕਾਰੀ ਨੂੰ ਸੀਮਿਤ ਕਰਨਾ ਚਾਹੁੰਦੇ ਹੋ;

(2) ਕੀ ਤੁਸੀਂ ਸਾਡੀ ਪਹੁੰਚ, ਵਰਤੋਂ ਅਤੇ/ਜਾਂ ਖੁਲਾਸੇ ਨੂੰ ਸੀਮਤ ਕਰਨਾ ਚਾਹੁੰਦੇ ਹੋ; ਅਤੇ

(3) ਤੁਸੀਂ ਸੀਮਾਵਾਂ ਨੂੰ ਕਿਸ ਲਈ ਲਾਗੂ ਕਰਨਾ ਚਾਹੁੰਦੇ ਹੋ, ਉਦਾਹਰਨ ਵਜੋਂ, ਆਪਣੇ ਪਤੀ/ਪਤਨੀ ਨੂੰ ਖੁਲਾਸੇ।

ਅਸੀਂ ਪਿਛਲੀਆਂ ਕਿਸੇ ਵੀ ਸਹਿਮਤੀ ਦਿੱਤੀਆਂ ਪਾਬੰਦੀਆਂ ਨੂੰ ਖਤਮ ਕਰਨ ਦਾ ਅਧਿਕਾਰ ਰਾਖਵਾਂ ਰੱਖਦੇ ਹਾਂ (ਉਸ ਪਾਬੰਦੀ ਤੋਂ ਇਲਾਵਾ ਜਿਸ ਨਾਲ ਸਾਨੂੰ ਕਾਨੂੰਨਨ ਸਹਿਮਤ ਹੋਣ ਦੀ ਲੋੜ ਹੈ)। ਅਸੀਂ ਤੁਹਾਨੂੰ ਸਹਿਮਤੀ ਦਿੱਤੀ ਪਾਬੰਦੀ ਦੀ ਸਮਾਪਤੀ ਬਾਰੇ ਸੂਚਿਤ ਕਰਾਂਗੇ ਅਤੇ ਅਜਿਹੀ ਸਮਾਪਤੀ ਸਿਰਫ ਸਾਡੇ ਵਲੋਂ ਤੁਹਾਨੂੰ ਸਮਾਪਤੀ ਬਾਰੇ ਸੂਚਿਤ ਕਰਨ ਤੋਂ ਬਾਅਦ ਬਣਾਈ ਗਈ PHI ਦੇ ਸੰਬੰਧ ਵਿੱਚ ਪ੍ਰਭਾਵੀ ਹੋਵੇਗੀ।

***ਖੁਲਾਸੇ ਦੇ ਲੇਖੇ ਦਾ ਅਧਿਕਾਰ***

ਤੁਹਾਡੇ ਕੋਲ ਲੇਖੇ ਦੀ ਬੇਨਤੀ ਦੀ ਮਿਤੀ ਤੋਂ ਛੇ (6) ਸਾਲ ਪਹਿਲਾਂ ਤੱਕ "ਖੁਲਾਸੇ ਦੇ ਲੇਖੇ" ਦੀ ਬੇਨਤੀ ਕਰਨ ਦਾ ਅਧਿਕਾਰ ਹੈ। ਇਹ ਉਹਨਾਂ ਖੁਲਾਸਿਆਂ ਦੀ ਇੱਕ ਸੂਚੀ ਹੈ ਜੋ ਅਸੀਂ ਤੁਹਾਡੇ ਬਾਰੇ PHI ਦੇ ਕੀਤੇ ਹਨ, ਸਿਵਾਏ ਇਹਨਾਂ ਖੁਲਾਸਿਆਂ ਦੇ: ਤੁਹਾਡੀ ਬੇਨਤੀ ਦੀ ਮਿਤੀ ਤੋਂ ਪਹਿਲਾਂ ਤੁਹਾਨੂੰ ਕੀਤੇ ਗਏ; ਇਲਾਜ, ਅਦਾਇਗੀ ਅਤੇ ਸਿਹਤ ਦੇਖ-ਰੇਖ ਪ੍ਰਕਿਰਿਆਵਾਂ (ਜਿਵੇਂ ਕਿ ਉਹ ਕਾਰਜ ਉੱਪਰ ਵਰਣਨ ਕੀਤੇ ਗਏ ਹਨ) ਲਈ ਤੁਹਾਡੇ ਅਧਿਕਾਰ ਦੇ ਅਧਾਰ 'ਤੇ ਕੀਤੇ ਗਏ; ਤੁਹਾਡੀ ਦੇਖਭਾਲ ਵਿੱਚ ਸ਼ਾਮਲ ਵਿਅਕਤੀਆਂ ਨੂੰ; ਰਾਸ਼ਟਰੀ ਸੁਰੱਖਿਆ ਜਾਂ ਖੁਫੀਆ ਉਦੇਸ਼ਾਂ ਲਈ; ਸੁਧਾਰਾਤਮਕ ਸੰਸਥਾਵਾਂ ਨੂੰ; ਕਾਨੂੰਨ ਲਾਗੂ ਕਰਨ ਲਈ (ਜਿਵੇਂ ਕਿ ਕਾਨੂੰਨ ਦੁਆਰਾ ਲੋੜੀਂਦਾ ਹੈ)।

ਤੁਹਾਡੀ ਬੇਨਤੀ ਵਿੱਚ ਇੱਕ ਸਮਾਂ ਮਿਆਦ ਜ਼ਰੂਰ ਦੱਸੀ ਜਾਣੀ ਚਾਹੀਦੀ ਹੈ, ਜੋ ਛੇ (6) ਸਾਲਾਂ ਤੋਂ ਵੱਧ ਨਹੀਂ ਹੋ ਸਕਦੀ ਅਤੇ ਜਿਸ ਵਿੱਚ 14 ਅਪ੍ਰੈਲ, 2003 ਤੋਂ ਪਹਿਲਾਂ ਦੀਆਂ ਤਾਰੀਖਾਂ ਸ਼ਾਮਲ ਨਹੀਂ ਹੋ ਸਕਦੀਆਂ। ਤੁਹਾਡੀ ਬੇਨਤੀ ਵਿੱਚ ਇਹ ਜ਼ਰੂਰ ਦਰਸਾਇਆ ਜਾਣਾ ਚਾਹੀਦਾ ਹੈ ਕਿ ਤੁਸੀਂ ਕਿਸ ਰੂਪ ਵਿੱਚ ਸੂਚੀ ਚਾਹੁੰਦੇ ਹੋ, ਮਤਲਬ ਕਿ ਕਾਗਜ਼ੀ ਕਾਪੀ, ਇਲੈਕਟ੍ਰੋਨਿਕ ਤੌਰ 'ਤੇ। 12 ਮਹੀਨਿਆਂ ਦੀ ਮਿਆਦ ਦੇ ਅੰਦਰ ਤੁਹਾਡੇ ਦੁਆਰਾ ਕੀਤੀ ਗਈ ਸੂਚੀ ਲਈ ਪਹਿਲੀ ਬੇਨਤੀ ਮੁਫ਼ਤ ਹੈ। ਵਧੀਕ ਸੂਚੀਆਂ ਲਈ, ਅਸੀਂ ਤੁਹਾਡੇ ਤੋਂ ਸੂਚੀ ਮੁਹੱਈਆ ਕਰਨ ਦੇ ਖਰਚੇ ਲੈ ਸਕਦੇ ਹਾਂ। ਅਸੀਂ ਤੁਹਾਨੂੰ ਇਸ ਵਿੱਚ ਸ਼ਾਮਲ ਲਾਗਤ ਬਾਰੇ ਸੂਚਿਤ ਕਰਾਂਗੇ ਅਤੇ ਤੁਸੀਂ ਉਸ ਸਮੇਂ, ਕੋਈ ਵੀ ਖਰਚਾ ਲਗਾਏ ਜਾਣ ਤੋਂ ਪਹਿਲਾਂ, ਆਪਣੀ ਬੇਨਤੀ ਵਾਪਸ ਲੈਣ ਜਾਂ ਸੋਧਣ ਦੀ ਚੋਣ ਕਰ ਸਕਦੇ ਹੋ।

***ਕਿਸੇ ਉਲੰਘਣਾ ਬਾਰੇ ਸੂਚਿਤ ਕਰਨ ਦਾ ਅਧਿਕਾਰ***

ਤੁਹਾਨੂੰ ਉਸ ਸਥਿਤੀ ਵਿੱਚ ਸੂਚਿਤ ਕੀਤੇ ਜਾਣ ਦਾ ਅਧਿਕਾਰ ਹੈ ਜਦੋਂ ਸਾਨੂੰ (ਜਾਂ ਸਾਡੇ ਕਿਸੇ ਵਪਾਰਕ ਸਹਿਯੋਗੀ) ਨੂੰ ਤੁਹਾਡੀ ਡਾਕਟਰੀ ਜਾਣਕਾਰੀ ਵਿੱਚ ਸ਼ਾਮਲ ਅਸੁਰੱਖਿਅਤ PHI ਦੀ ਉਲੰਘਣਾ ਦਾ ਪਤਾ ਲੱਗਦਾ ਹੈ।

**ਉਸ PHI ਦੀ ਜਾਂਚ ਅਤੇ ਨਕਲ ਕਰਨ ਲਈ ਜਿਸ ਨੂੰ ਤੁਹਾਡੇ ਬਾਰੇ ਫੈਸਲੇ ਲੈਣ ਲਈ ਵਰਤਿਆ ਜਾ ਸਕਦਾ ਹੈ, ਸੋਧ ਦੀ ਬੇਨਤੀ ਕਰਨ ਲਈ, ਖੁਲਾਸਿਆਂ ਦੀ ਸੂਚੀ ਜਾਂ ਲੇਖੇ ਦੀ ਬੇਨਤੀ ਕਰਨ ਲਈ, ਪਾਬੰਦੀਆਂ ਦੀ ਬੇਨਤੀ ਕਰਨ ਲਈ, ਜਾਂ ਗੁਪਤ ਸੰਚਾਰਾਂ ਲਈ ਬੇਨਤੀ ਕਰਨ ਲਈ।**

ਤੁਹਾਨੂੰ ਆਪਣੀ ਬੇਨਤੀ ਉਸ ਵਿਭਾਗ ਨੂੰ ਲਿਖਤੀ ਰੂਪ ਵਿੱਚ ਕਰਨੀ ਪਏਗੀ ਜਿੱਥੇ ਸੇਵਾਵਾਂ ਪ੍ਰਾਪਤ ਕੀਤੀਆਂ ਗਈਆਂ ਸਨ:

- ਵਤੀਰੇ ਸੰਬੰਧੀ ਸਿਹਤ - 1925 E. Dakota Ave Fresno, CA 93726 **(ਆਪਣੀ ਬੇਨਤੀ ਉਸ ਪ੍ਰੋਗਰਾਮ ਨੂੰ ਭੇਜੋ, ਜਿੱਥੇ ਸੇਵਾਵਾਂ ਮੁਹੱਈਆ ਕੀਤੀਆਂ ਗਈਆਂ ਸਨ)। ਜੇ ਸੇਵਾਵਾਂ ਹੇਠ ਲਿਖੀਆਂ ਸਾਈਟਾਂ 'ਤੇ ਮੁਹੱਈਆ ਕੀਤੀਆਂ ਗਈਆਂ ਸਨ, ਤਾਂ ਬੇਨਤੀ ਸਿੱਧਾ ਉਹਨਾਂ ਸਾਈਟਾਂ ਨੂੰ ਕੀਤੀ ਜਾ ਸਕਦੀ ਹੈ**:
  - ਮਾਨਸਿਕ ਸਿਹਤ - ਬਾਲਗ, ਜਾਣਕਾਰੀ ਨੂੰ ਇੱਥੇ ਰਿਲੀਜ਼ ਕਰੋ: 4441 E. Kings Canyon Road, Fresno, CA 93702
  - ਮਾਨਸਿਕ ਸਿਹਤ - ਬੱਚੇ ਅਤੇ ਨੌਜਵਾਨ, ਜਾਣਕਾਰੀ ਨੂੰ ਇੱਥੇ ਰਿਲੀਜ਼ ਕਰੋ: 2719 N. Air Fresno Drive, Fresno, CA, 93727
  - ਮਾਨਸਿਕ ਸਿਹਤ - ਪਰਿਵਰਤਨਸ਼ੀਲ ਉਮਰ ਵਾਲੇ ਨੌਜਵਾਨ, ਜਾਣਕਾਰੀ ਨੂੰ ਇੱਥੇ ਰਿਲੀਜ਼ ਕਰੋ: 2719 N. Air Fresno Drive, Fresno, CA, 93727
  - ਬਹਾਲੀ ਦਾ ਰਸਤਾ - ਇਕੱਠੇ ਮਾਨਸਿਕ ਸਿਹਤ ਅਤੇ ਪਦਾਰਥਾਂ ਦੀ ਵਰਤੋਂ ਦਾ ਇਲਾਜ: 4452 E. Kings Canyon Road, Fresno CA, 93702
- ਜਨਤਕ ਸਿਹਤ - 1221 Fulton Street, Fresno, CA 93721 **(ਆਪਣੀ ਬੇਨਤੀ ਉਸ ਕਲੀਨਿਕ ਜਾਂ ਪ੍ਰੋਗਰਾਮ ਨੂੰ ਭੇਜੋ ਜਿੱਥੇ ਸੇਵਾਵਾਂ ਮੁਹੱਈਆ ਕੀਤੀਆਂ ਗਈਆਂ ਸਨ)। ਜੇ ਸੇਵਾਵਾਂ ਹੇਠ ਲਿਖੀਆਂ ਸਾਈਟਾਂ 'ਤੇ ਮੁਹੱਈਆ ਕੀਤੀਆਂ ਗਈਆਂ ਸਨ, ਤਾਂ ਬੇਨਤੀ ਸਿੱਧਾ ਉਹਨਾਂ ਸਾਈਟਾਂ ਨੂੰ ਕੀਤੀ ਜਾ ਸਕਦੀ ਹੈ**:
  - CCS ਮੈਡੀਕਲ ਥੈਰੇਪੀ ਯੂਨਿਟ - ਇੱਥੇ ਸਟੋਰੀ ਸਕੂਲ: 2444 S. Peach Ave., Fresno, CA 93725
  - CCS ਮੈਡੀਕਲ ਥੈਰੇਪੀ ਯੂਨਿਟ - ਇੱਥੇ ਜਿਨਸਬਰੱਗ ਸਕੂਲ: 67 E. Ashlan Ave., Fresno, CA 93704
  - CCS ਮੈਡੀਕਲ ਥੈਰੇਪੀ ਯੂਨਿਟ - ਇੱਥੇ ਕਲੋਵਿਸ ਸਕੂਲ: 1345 N. Peach, Fresno, CA 93619
  - ਇੱਥੇ ਵੈਸਟ ਫ੍ਰੈਜ਼ਨੋ ਰੀਜਨਲ ਸੈਂਟਰ: 142 E. California Ave., Fresno, CA 93706

### ***ਇਸ ਨੋਟਿਸ ਦੀ ਕਾਗਜ਼ੀ ਕਾਪੀ ਦਾ ਅਧਿਕਾਰ***

ਭਾਵੇਂ ਤੁਸੀਂ ਇਸ ਨੋਟਿਸ ਨੂੰ ਇਲੈਕਟ੍ਰੋਨਿਕ ਢੰਗ ਨਾਲ ਪ੍ਰਾਪਤ ਕਰਨ ਲਈ ਸਹਿਮਤ ਹੋ ਗਏ ਹੋ, ਤੁਸੀਂ ਹਾਲੇ ਵੀ ਇਸ ਨੋਟਿਸ ਦੀ ਕਾਗਜ਼ੀ ਕਾਪੀ ਦੇ ਹੱਕਦਾਰ ਹੋ। ਤੁਸੀਂ ਸਾਨੂੰ ਕਿਸੇ ਵੀ ਸਮੇਂ ਇਸ ਨੋਟਿਸ ਦੀ ਕਾਪੀ ਦੇਣ ਲਈ ਕਹਿ ਸਕਦੇ ਹੋ।

ਤੁਸੀਂ ਸਾਡੀ ਵੈੱਬਸਾਈਟ 'ਤੇ ਇਸ ਨੋਟਿਸ ਦੀ ਇੱਕ ਕਾਪੀ ਪ੍ਰਾਪਤ ਕਰ ਸਕਦੇ ਹੋ: http://www.fcdph.org

ਇਸ ਨੋਟਿਸ ਦੀ ਕਾਗਜ਼ ਦੀ ਕਾਪੀ ਪ੍ਰਾਪਤ ਕਰਨ ਲਈ, ਉਸ ਖੇਤਰ ਨਾਲ ਸੰਪਰਕ ਕਰੋ ਜਿੱਥੇ ਤੁਹਾਡੀਆਂ ਸੇਵਾਵਾਂ ਮੁਹੱਈਆ ਕੀਤੀਆਂ ਗਈਆਂ ਸਨ।

### ***ਇਸ ਨੋਟਿਸ ਵਿੱਚ ਤਬਦੀਲੀਆਂ***

ਅਸੀਂ ਇਸ ਨੋਟਿਸ ਨੂੰ ਬਦਲਣ ਦਾ ਅਧਿਕਾਰ ਰਾਖਵਾਂ ਰੱਖਦੇ ਹਾਂ। ਅਸੀਂ ਤੁਹਾਡੇ ਬਾਰੇ ਸਾਡੇ ਕੋਲ ਪਹਿਲਾਂ ਤੋਂ ਮੌਜੂਦ PHI ਲਈ ਅਤੇ ਨਾਲ ਹੀ ਭਵਿੱਖ ਵਿੱਚ ਸਾਨੂੰ ਪ੍ਰਾਪਤ ਹੋਈ ਕਿਸੇ ਵੀ ਜਾਣਕਾਰੀ ਲਈ ਸੰਸ਼ੋਧਿਤ ਜਾਂ ਬਦਲੇ ਹੋਏ ਨੋਟਿਸ ਨੂੰ ਪ੍ਰਭਾਵੀ ਬਣਾਉਣ ਦਾ ਅਧਿਕਾਰ ਰਾਖਵਾਂ ਰੱਖਦੇ ਹਾਂ। ਅਸੀਂ ਮੌਜੂਦਾ ਨੋਟਿਸ ਦੀ ਇੱਕ ਕਾਪੀ ਕਾਉਂਟੀ ਵਿੱਚ ਪੋਸਟ ਕਰਾਂਗੇ। ਇਸ ਤੋਂ ਇਲਾਵਾ, ਹਰ ਵਾਰ ਜਦੋਂ ਤੁਸੀਂ ਇੱਕ ਦਾਖਲ ਮਰੀਜ਼ ਜਾਂ ਬਾਹਰੀ ਮਰੀਜ਼ ਦੇ ਤੌਰ 'ਤੇ ਇਲਾਜ ਜਾਂ ਸਿਹਤ ਸੰਭਾਲ ਸੇਵਾਵਾਂ ਲਈ ਕਿਸੇ ਕਾਉਂਟੀ ਪੁਆਇੰਟ 'ਤੇ ਰਜਿਸਟਰ ਹੁੰਦੇ ਹੋ

ਜਾਂ ਦਾਖਲ ਹੁੰਦੇ ਹੋ, ਤਾਂ ਅਸੀਂ ਤੁਹਾਨੂੰ ਮੌਜੂਦਾ ਪ੍ਰਭਾਵੀ ਨੋਟਿਸ ਦੀ ਇੱਕ ਕਾਪੀ ਪੇਸ਼ ਕਰਾਂਗੇ।

***ਸ਼ਿਕਾਇਤਾਂ***

ਜੇ ਤੁਹਾਨੂੰ ਲਗਦਾ ਹੈ ਕਿ ਤੁਹਾਡੇ ਪਰਦੇਦਾਰੀ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਹੈ, ਤਾਂ ਤੁਸੀਂ:

ਜਾਂ ਤਾਂ ਜ਼ਬਾਨੀ ਤੌਰ 'ਤੇਰ ਜਾਂ ਲਿਖਤ ਤੌਰ 'ਤੇ Fresno County Privacy Officer at 1221 Fulton Street, 6th Floor, Fresno, CA, 93721 (559) 600-3200 ਨੂੰ ਸ਼ਿਕਾਇਤ ਕਰ ਸਕਦੇ ਹੋ

ਤੁਸੀਂ ਸ਼ਿਕਾਇਤ ਸਿੱਧੇ ਸਿਹਤ ਅਤੇ ਮਾਨਵ ਸੇਵਾਵਾਂ ਦੇ ਅਮਰੀਕੀ ਵਿਭਾਗ ਦੇ ਸੈਕ੍ਰੇਟਰੀ ਨੂੰ ਵੀ ਇਸ ਪਤੇ 'ਤੇ ਵੀ ਫਾਇਲ ਕਰਵਾ ਸਕਦੇ ਹੋ:

Pacific Region, Office for Civil Rights
U.S. Department of Health and Human Services
90 7th Street, Suite 4-100
San Francisco, CA 94103
Customer Response Center (800) 368-1019
TDD (800) 537-7697
Fax number: (202) 619-3818
E-mail address: ocrmail@hhs.gov

ਇਹ ਸ਼ਿਕਾਇਤ ਲਿੱਖਿਤ ਜਾਂ ਇਲੈਕਟ੍ਰਾਨਿਕ ਰੂਪ ਵਿੱਚ ਜਮ੍ਹਾਂ ਕਰਵਾਈਆਂ ਜਾਣੀਆਂ ਜ਼ਰੂਰੀ ਹਨ ਅਤੇ ਇਹ ਘਟਨਾ ਵਾਪਰਨ 'ਤੇ ਜਾਂ ਜਦੋਂ ਵਾਪਰਨ ਦਾ ਪਤਾ ਚਲਦਾ ਹੈ, ਉਸ ਤਾਰੀਖ਼ ਤੋਂ 180 ਦੇ ਅੰਦਰ-ਅੰਦਰ ਦਰਜ ਕੀਤੀ ਜਾਣੀ ਲਾਜ਼ਮੀ ਹੈ।

ਸ਼ਿਕਾਇਤ ਦਰਜ ਕਰਨ ਲਈ ਤੁਹਾਡੇ ਖਿਲਾਫ਼ ਕੋਈ ਬਦਲੇ ਵਾਲੀ ਕਾਰਵਾਈ ਨਹੀਂ ਕੀਤੀ ਜਾਵੇਗੀ।

***PHI ਦੇ ਹੋਰ ਉਪਯੋਗ***

ਤੁਹਾਡੀ PHI ਤਕ ਹੋਰ ਪਹੁੰਚ, ਵਰਤੋਂ ਅਤੇ ਖੁਲਾਸੇ ਜੋ ਇਸ ਨੋਟਿਸ ਜਾਂ ਸਾਡੇ 'ਤੇ ਲਾਗੂ ਹੋਣ ਵਾਲੇ ਕਾਨੂੰਨਾਂ ਦੇ ਅਧੀਨ ਨਹੀਂ ਹਨ, ਸਿਰਫ ਤੁਹਾਡੀ ਸਪੱਸ਼ਟ ਲਿਖਤੀ ਇਜ਼ਾਜ਼ਤ (ਅਧਿਕਾਰ) ਨਾਲ ਕੀਤੇ ਜਾਣਗੇ। ਜੇ ਤੁਸੀਂ ਸਾਨੂੰ ਆਪਣੇ ਬਾਰੇ PHI ਤਕ ਪਹੁੰਚ ਕਰਨ, ਉਸ ਨੂੰ ਵਰਤਣ ਜਾਂ ਉਸਦਾ ਖੁਲਾਸਾ ਕਰਨ ਦੀ ਇਜਾਜ਼ਤ ਦਿੰਦੇ ਹੋ, ਤਾਂ ਤੁਸੀਂ ਇਸ ਅਨੁਮਤੀ ਨੂੰ, ਲਿਖਤੀ ਤੌਰ 'ਤੇ, ਕਿਸੇ ਵੀ ਸਮੇਂ ਰੱਦ ਕਰ ਸਕਦੇ ਹੋ। ਜੇ ਤੁਸੀਂ ਆਪਣੀ ਇਜਾਜ਼ਤ ਨੂੰ ਰੱਦ ਕਰਦੇ ਹੋ, ਤਾਂ ਇਸ ਨਾਲ ਤੁਹਾਡੇ ਲਿਖਤੀ ਅਧਿਕਾਰ ਦੇ ਅਧੀਨ ਆਉਂਦੇ ਉਦੇਸ਼ਾਂ ਲਈ ਤੁਹਾਡੀ PHI ਤਕ ਕਿਸੇ ਹੋਰ ਪਹੁੰਚ, ਵਰਤੋਂ, ਜਾਂ ਖੁਲਾਸੇ ਨੂੰ ਰੋਕ ਦਿੱਤਾ ਜਾਵੇਗਾ, ਸਿਵਾਏ ਉਸਦੇ ਜੋ ਅਸੀਂ ਪਹਿਲਾਂ ਹੀ ਤੁਹਾਡੀ ਇਜਾਜ਼ਤ 'ਤੇ ਨਿਰਭਰ ਕਰਦੇ ਹੋਏ ਕਾਰਵਾਈ ਕਰ ਦਿੱਤੀ ਹੈ। ਅਸੀਂ ਤੁਹਾਡੀ ਇਜਾਜ਼ਤ ਨਾਲ ਪਹਿਲਾਂ ਹੀ ਕੀਤੇ ਕਿਸੇ ਵੀ ਖੁਲਾਸੇ ਨੂੰ ਵਾਪਸ ਲੈਣ ਵਿੱਚ ਅਸਮਰੱਥ ਹਾਂ, ਅਤੇ ਸਾਨੂੰ ਸਾਡੇ ਦੁਆਰਾ ਮੁਹੱਈਆ ਕੀਤੀ ਦੇਖਭਾਲ ਦੇ ਆਪਣੇ ਰਿਕਾਰਡਾਂ ਨੂੰ ਬਰਕਰਾਰ ਰੱਖਣ ਦੀ ਲੋੜ ਹੁੰਦੀ ਹੈ।